# ਅਧਿਆਇ 3

# ਸ਼ਹਿਰਪਨਾਹ ਨੂੰ ਬਣਾਉਣ ਵਾਲੇ

ਅਧਿਆਇ 2 ਦੇ ਅੰਤ ਦੇ ਨੇੜੇ ਨਹਮਯਾਹ ਨੇ ਲਿਖਿਆ ਕਿ ਯਹੂਦੀ ਲੋਕ ਯਰੂਸ਼ਲਮ ਦੀਆਂ ਕੰਧਾਂ ਨੂੰ ਫੇਰ ਤੋਂ ਬਣਾਉਣ ਲਈ ਸਹਿਮਤ ਹੋ ਗਏ। ''ਨੇਕ ਕੰਮ ਲਈ ਆਪਣੇ ਹੱਥਾਂ ਨੂੰ ਤਕੜਿਆਂ'' ਕਰਕੇ ਉਨ੍ਹਾਂ ਨੇ ਆਪਣੇ ਬੋਲ ਪੁਗਾਏ (2:18)। ਅਧਿਆਇ 3 ਮਜ਼ਦੂਰਾਂ ਦੀ ਪਛਾਣ ਕਰਾਉਂਦਾ ਹੈ ਅਤੇ ਉਨ੍ਹਾਂ ਵੱਖੋ ਵੱਖ ਭਾਗਾਂ ਦਾ ਵੇਰਵਾ ਦਿੰਦਾ ਹੈ ਜਿਨ੍ਹਾਂ ਤੇ ਉਨ੍ਹਾਂ ਨੇ ਕੰਮ ਕੀਤੇ।

ਅਧਿਆਇ ਦਾ ਜ਼ੋਰ ਇਸ ਗੱਲ ਤੇ ਹੈ ਕਿ ਸ਼ਹਿਰ ਦੀਆਂ ਕੰਧਾਂ ਨੂੰ ਸਮਰਪਤ ਕਰਮਚਾਰੀਆਂ ਵੱਲੋਂ ਦੁਬਾਰਾ ਬਣਾਇਆ ਗਿਆ। ਨਹਮਯਾਹ ਦਾ ਵਿਰਤਾਂਤ ਪਾਠਕ ਨੂੰ ਸ਼ਹਿਰ ਦੇ ਦੁਆਲੇ ਦੀ ਸੈਰ ਕਰਾਉਂਦਾ ਹੈ। ਇਹ ਉਨ੍ਹਾਂ ਦੇ ਨਾਂਵਾਂ ਨਾਲ ਸ਼ੁਰੂ ਹੁੰਦਾ ਹੈ ਜਿਨ੍ਹਾਂ ਨੇ ''ਭੇਟ ਫਾਟਕ'' ਦੀ ਮੁਰੰਮਤ ਕੀਤੀ (3:1) ਅਤੇ ਫਿਰ ਸ਼ਹਿਰਪਨਾਹ ਦੇ ਦੁਆਲੇ ਖੱਬੇ ਪਾਸੇ ਨੂੰ ਸ਼ਹਿਰ ਦਾ ਪੂਰਾ ਚੱਕਰ ਲੁਆਉਂਦਾ ਹੈ। ਸਰਵੇਖਣ ਦਾ ਅੰਤ ''ਭੇਡ ਫਾਟਕ'' ਤੇ ਵਾਪਸ ਆਉਣ ਨਾਲ ਹੁੰਦਾ ਹੈ (3:32)।

## ਉੱਤਰੀ ਕੰਧ (3:1-5)

**[1]ਤਾਂ ਅਲਯਾਸ਼ੀਬ ਸਰਦਾਰ ਜਾਜਕ ਅਤੇ ਉਹ ਦੇ ਜਾਜਕ ਭਰਾ ਉੱਠੇ ਅਤੇ ਉਨ੍ਹਾਂ ਨੇ ਭੇਡ ਫਾਟਕ**
**ਨੂੰ ਬਣਾਇਆ ਅਤੇ ਉਹ ਨੂੰ ਪਵਿੱਤ੍ਰ ਕੀਤਾ ਅਤੇ ਉਹ ਦੇ ਬੂਹੇ ਖੜੇ ਕੀਤੇ, ਨਾਲੇ ਉਨ੍ਹਾਂ ਨੇ ਹੰਮੇਆਹ**
**ਦੇ ਬੁਰਜ ਤੋਂ ਹਨਨੇਲ ਦੇ ਬੁਰਜ ਤੀਕ ਉਹ ਨੂੰ ਪਵਿੱਤ੍ਰ ਕੀਤਾ [2]ਉਹ ਦੇ ਅੱਗੇ ਯਰੀਹੋ ਦੇ ਮਨੁੱਖਾਂ**
**ਨੇ ਬਣਾਇਆ ਅਤੇ ਉਹ ਦੇ ਅੱਗੇ ਇਮਰੀ ਦੇ ਪੁੱਤਰ ਜ਼ੱਕੂਰ ਨੇ ਬਣਾਇਆ। [3]ਫੇਰ ਮੱਛੀ ਫਾਟਕ ਨੂੰ**
**ਹੱਸਨਾਆਹ ਦੇ ਪੁੱਤ੍ਰਾਂ ਨੇ ਬਣਾਇਆ। ਉਨ੍ਹਾਂ ਨੇ ਉਹ ਦੇ ਸ਼ਤੀਰ ਬੀੜੇ ਅਤੇ ਉਹ ਦੇ ਬੂਹੇ ਅਤੇ ਉਹ ਦੀਆਂ**
**ਚਿਟਕਨੀਆਂ ਅਤੇ ਉਹ ਦੇ ਅਰਲ ਲਾਏ [4]ਅਤੇ ਉਨ੍ਹਾਂ ਦੇ ਨਾਲ ਹੀ ਹਕੋਸ ਦੇ ਪੋਤਰੇ ਅਤੇ ਊਰੀਯਾਹ ਦੇ**
**ਪੁੱਤਰ ਮਰੇਮੋਥ ਨੇ ਮੁਰੰਮਤ ਕੀਤੀ ਅਤੇ ਉਨ੍ਹਾਂ ਦੇ ਨਾਲ ਹੀ ਮਸ਼ੇਜ਼ਬੇਲ ਦੇ ਪੋਤਰੇ ਬਰਕਯਾਹ ਦੇ ਪੁੱਤਰ**
**ਮਸ਼ੁੱਲਾਮ ਨੇ ਮੁਰੰਮਤ ਕੀਤੀ, [5]ਅਤੇ ਉਨ੍ਹਾਂ ਦੇ ਨਾਲ ਹੀ ਬਆਨਾ ਦੇ ਪੁੱਤਰ ਸਾਦੋਕ ਨੇ ਮੁਰੰਮਤ ਕੀਤੀ,**
**ਆਪਣੇ ਅਤੇ ਉਨ੍ਹਾਂ ਦੇ ਨਾਲ ਹੀ ਤਕੋਈਆਂ ਨੇ ਮੁਰੰਮਤ ਕੀਤੀ ਪਰ ਉਨ੍ਹਾਂ ਦੇ ਪਤ ਵੰਤਿਆਂ ਨੇ ਆਪਣੇ**
**ਸੁਆਮੀਆਂ ਦੀ ਸੇਵਾ ਲਈ ਆਪਣੀਆਂ ਧੌਣਾਂ ਨਾ ਨਿਵਾਈਆਂ।**

**ਆਇਤ 1.** ਵੇਰਵੇ ਦਾ ਅਰੰਭ ਹੋਰਨਾਂ **ਜਾਜਕਾਂ** ਦੇ ਨਾਲ–ਨਾਲ **ਅਲਯਾਸ਼ੀਬ ਸਰਦਾਰ ਜਾਜਕ** ਦੇ ਨਾਲ ਹੁੰਦਾ ਹੈ, ਜਿਨ੍ਹਾਂ ਨੇ ਬਾਕੀ ਦੇ ਲੋਕਾਂ ਲਈ ਨਮੂਨਾ ਪੇਸ਼ ਕੀਤਾ। ਉਨ੍ਹਾਂ ਨੇ **ਭੇਡ ਫਾਟਕ ਨੂੰ ਬਣਾਇਆ** ਜਿਸ ਨੂੰ ''ਉੱਤਰ ਪੂਰਵੀ ਨੁੱਕਰ ਦੇ ਨੇੜੇ''[1] ਮੰਨਿਆ ਜਾਂਦਾ ਹੈ, ਜਿਹੜਾ ਹੈਕਲ ਤੋਂ ਬਹੁਤਾ ਦੂਰ ਨਹੀਂ ਸੀ (ਵੇਖੋ 3:32; 12:39)। ਇਹ ਮੰਨਿਆ ਜਾਂਦਾ ਹੈ ਕਿ ਇਸ ਫਾਟਕ ਤੇ ਭੇਡਾਂ ਖਰੀਦੀਆਂ ਜਾ ਸਕਦੀਆਂ ਸਨ ਜਾਂ ਕੁਰਬਾਨ ਕੀਤੇ ਜਾਣ ਲਈ ਇਸ ਰਸਤੇ ਲਿਜਾਈਆਂ ਜਾ ਸਕਦੀਆਂ ਸਨ।[2] ਸ਼ਾਇਦ ਨੇੜਲੇ ਬੈਤਸੈਦਾ ਦੇ ਤਾਲ ਤੋਂ ਨਵ੍ਹਾਉਣ ਤੋਂ ਬਾਅਦ ਇਹ ਸ਼ਹਿਰ ਦਾ ਉਹੀ ਪ੍ਰਵੇਸ਼ ਦੁਆਰ ਹੋਵੇ ਜਿਸ ਨੂੰ ਅਸੀਰੀ ਤੋਂ ਪਹਿਲਾਂ ਬਿਨਿਆਮੀਨ ਦਾ ਫਾਟਕ ਕਿਹਾ ਜਾਂਦਾ ਸੀ (ਵੇਖੋ ਯਿਰਮਿਯਾਹ 20:2; 37:13; 38:7; ਜ਼ਕਰਯਾਹ 14:10)।

ਉੱਤਰੀ ਕੰਧ (NASB) ਵਾਲਾ ਉਨ੍ਹਾਂ ਦਾ ਭਾਗ **ਹੰਮੇਆਹ ਦੇ ਬੁਰਜ ਤੋਂ ਹਨਨੇਲ ਦੇ ਬੁਰਜ ਤੀਕ** ਸੀ। ਇਸ ਅਧਿਆਇ ਵਿਚ ਕਈ ਬੁਰਜਾਂ ਦੇ ਨਾਂਅ ਦਿੱਤੇ ਗਏ ਹਨ (3:1, 11, 25–27)। ਅਜਿਹੇ ਢਾਂਚੇ ਕਿਸੇ ਕੰਧ ਉੱਤੇ ''ਢਾਹੁਣ ਵਾਲਾ ਅਸਰ'' ਰੱਖਦੇ ਸਨ ਅਤੇ ਆਮ ਤੌਰ ਤੇ ''ਪਹਿਰੇ ਤੇ ਬੈਠੇ ਸਿਪਾਹੀਆਂ ਅਤੇ ਚੌਂਕੀਦਾਰਾਂ ਲਈ ਟਿਕਾਣੇ ਅਤੇ ਹਾਜ਼ਰੀ ਲਾਉਣ ਦਾ ਫ਼ੌਜੀ ਕੰਮ ਲਈ ਕੀਤਾ ਜਾਂਦਾ ਸੀ।''[3] ਕਈਆਂ ਦਾ ਵਿਚਾਰ ਹੈ ਕਿ 3:1 ਵਿਚ ਦੱਸੇ ਗਏ ਬੁਰਜ ਹੈਕਲ ਦੇ ਪਹਾੜ ਦੀ ਉੱਤਰ ਪੱਛਮੀ ਨੁੱਕਰ ਤੇ ਕਿਲ੍ਹੇ ਤੇ ਸੀ (2:7, 8 ਤੇ ਟਿੱਪਣੀਆਂ ਵੇਖੋ)। ''ਹੰਮੇਆਹ [NASB ਵਿਚ ਹੰਡਰਡ ਭਾਵ ਸੌ – ਅਨੁਵਾਦਕ] ਦਾ ਬੁਰਜ'' ਦਾ ਨਾਂਅ ''ਇਸ ਦੀ ਉਚਿਆਈ, ਜੋ ਇਕ ਸੌ ਹੱਥ ਜਾਂ ਇਕ ਸੌ ਕਦਮ ਜਾਂ ਫ਼ੌਜੀ ਇਕਾਈ (ਤੁਲਨਾ ਬਿਵਸਥਾ ਸਾਰ 1:15]'' ਤੋਂ ਲਿਆ ਗਿਆ ਹੋ ਸਕਦਾ ਹੈ।[4] ''ਹਨਨੇਲ ਦਾ ਬੁਰਜ'' ਸ਼ਹਿਰ ਦਾ ਸਭ ਤੋਂ ਉੱਤਰੀ ਬਿੰਦੂ ਮੰਨਿਆ ਜਾਂਦਾ ਸੀ (ਜ਼ਕਰਯਾਹ 14:10)।

ਅਲਯਾਸ਼ੀਬ ਅਤੇ ਹੋਰਨਾਂ ਯਾਜਕਾਂ ਨੇ ਭੇਡ ਫਾਟਕ ਅਤੇ ਉਸ ਕੰਧ ਨੂੰ ਜਿਸ ਨੂੰ ਬਣਾਉਣ ਵਿਚ ਉਨ੍ਹਾਂ ਦਾ ਹੱਥ ਸੀ **ਪਵਿੱਤਰ ਕੀਤਾ**। ਕੰਧ ਦੇ ਪਹਿਲੇ ਹਿੱਸੇ ਦੇ ਪਵਿੱਤਰ ਕੀਤੇ ਜਾਣ ਦਾ ਇਹ ਸਮਾਰੋਹ ''12:27–44 ਵਿਚ ਪੂਰੀ ਕੰਧ ਦੀ ਚੱਠ ਨਾਲ ਮੇਲ ਖਾਂਦਾ ਹੈ।''[5] ਨਹਮਯਾਹ ਦੇ ਆਖ਼ਰੀ ਅਧਿਆਇ ਵਿਚ ਅਲਯਾਸ਼ੀਬ ਨੂੰ ਟੋਬੀਯਾਹ ਦਾ ਸਹੁਰਿਆਂ ਵੱਲੋਂ ਰਿਸ਼ਤੇਦਾਰ ਅਤੇ ਦੋਸਤ ਜਾਂ ਕਾਰੋਬਾਰੀ ਸਾਥੀ ਵਿਖਾਇਆ ਗਿਆ ਹੈ (13:4–9, 28)।

**ਆਇਤ 2.** ਉੱਤਰੀ ਕੰਧ ਉੱਤੇ ਕੰਮ ਕਰਨ ਵਾਲਿਆਂ ਵਿਚ **ਯਰੀਹੋ ਦੇ ਮਨੁੱਖਾਂ** ਦੇ ਸ਼ਾਮਿਲ ਹੋਣ ਦੀ ਗੱਲ ਦੱਸੀ ਗਈ ਹੈ (ਵੇਖੋ 7:36; ਅਜ਼ਰਾ 2:34)। ਉਨ੍ਹਾਂ ਨੇ ਇਸ ਦੀ ਸਹੂਲੀਅਤ ਕਰਕੇ ਇਸ ਥਾਂ ਤੇ ਕੰਮ ਕੀਤਾ ਹੋਵੇਗਾ ਕਿਉਂ ਜੋ ਯਰੂਸ਼ਲਮ ਦੇ ਉੱਤਰ ਵੱਲ ਦੀ ਸੜਕ ਯਰੀਹੋ ਨੂੰ ਪੂਰਬ ਵੱਲ ਜਾਣ ਦੀ ਇਕ ਹੋਰ ਸੜਕ ਦੇ ਨਾਲ ਜੋੜਦੀ ਹੈ।[6]

ਉੱਤਰੀ ਕੰਧ ਤੇ ''ਯਰੀਹੋ ਦੇ ਮਨੁੱਖਾਂ'' ਦੇ ਇਲਾਵਾ **ਜ਼ੱਕੂਰ** ਨੇ ਵੀ ਕੰਮ ਕੀਤਾ। ਇਸ ਆਦਮੀ ਦਾ ਨਾਂਅ, ਜਿਸ ਦਾ ਅਰਥ ''ਯਾਦ ਕੀਤਾ'' ਹੈ, ''ਜ਼ਕਰਯਾਹ'' ਦਾ ਛੋਟਾ ਰੂਪ ਹੈ। ਕਿਤਾਬ ਵਿਚ ਕੁਝ ਹੋਰਨਾਂ ਦੇ ਨਾਂਅ ਵੀ ਜ਼ੱਕੂਰ ਮਿਲਦੇ ਹਨ (10:12; 12:35; 13:13), ਪਰ ਇਹ ਪੱਕਾ ਨਹੀਂ ਹੈ ਕਿ ਇਨ੍ਹਾਂ ਵਿੱਚੋਂ ਕੋਈ ਆਦਮੀ ਇਹੀ ਜ਼ੱਕੂਰ ਹੈ।

**ਆਇਤ 3.** **ਹੱਸਨਾਆਹ ਦੇ ਪੁੱਤ੍ਰਾਂ** ਦਾ ਸਬੰਧ ਸੰਭਵ ਤੌਰ ਤੇ ਅਜ਼ਰਾ 2:35 ਵਾਲੇ ''ਸਨਾਯਾਹ ਦੀ ਸੰਤਾਨ'' ਨਾਲ ਹੋਵੇਗਾ ਇਨ੍ਹਾਂ ਨੇ ਕੰਧ ਦੇ ਉਸ ਹਿੱਸੇ ਤੇ ਕੰਮ ਕੀਤਾ ਸੀ ਜਿੱਥੇ **ਮੱਛੀ ਫਾਟਕ** ਸੀ (ਵੇਖੋ 2 ਇਤਹਾਸ 33:14; ਸਫ਼ਨਯਾਹ 1:10)। ਇਸ ਫਾਟਕ ਤੋਂ ਯਰੂਸ਼ਲਮ ਦੇ ਉੱਤਰ ਵੱਲ ਤੋਂ ਜਾ ਕੇ ਭੂਮੱਧ ਤਟ ਵੱਲ ਪੱਛਮ ਵੱਲ ਜਾਣ ਵਾਲੀ ਸੜਕ ਫੜੀ ਜਾ ਸਕਦੀ ਸੀ। ਉੱਥੋਂ ਯਾਫ਼ਾ ਦੀ ਬੰਦਰਗਾਹ ਵੱਲ ਨੂੰ ਜਾਣ ਵਾਲੀ ਸੜਕ ਤੇ ਉੱਤਰ ਵੱਲ ਨੂੰ ਮੁੜਿਆ ਜਾ ਸਕਦਾ ਸੀ।[7] ਨਹਮਯਾਹ 13:16 ਸੂਰ ਤੋਂ ਯਰੂਸ਼ਲਮ ਨੂੰ ਮੱਛੀ ਬਰਾਮਦ ਕਰਨ ਵਾਲਿਆਂ ਬਾਰੇ ਦੱਸਦਾ ਹੈ; ਉਨ੍ਹਾਂ ਦਾ ਆਉਣਾ ਜਾਣਾ ਇਸੇ ਰੂਟ ਤੋਂ ਹੁੰਦਾ ਹੋਵੇਗਾ। ਮੱਛੀ ਮੰਡੀ ਸ਼ਹਿਰ ਦੇ ਅੰਦਰ ਮੱਛੀ ਫਾਟਕ ਦੇ ਨੇੜੇ ਤੇੜੇ ਹੋਵੇਗੀ।

**ਆਇਤ 4.** ਅਗਲੇ ਭਾਗ ਤੇ ਮਿਹਨਤ ਕਰਨ ਦਾ ਸਿਹਰਾ ਤਿੰਨ ਜਣਿਆਂ ਨੂੰ ਦਿੱਤਾ ਜਾਂਦਾ ਹੈ। ਇਹ ਮੰਨ ਕੇ ਚੱਲੋ ਕਿ ਜਦ ਸਿਰਫ਼ ਇਕ ਆਦਮੀ ਦਾ ਨਾਂਅ ਦਿੱਤਾ ਗਿਆ ਹੈ ਤਾਂ ਉਹ ਉਨ੍ਹਾਂ ਕਰਮਚਾਰੀਆਂ ਦੇ ਸਮੂਹ ਦਾ ਆਗੂ ਸੀ ਜਿਸ ਨੇ ਕੰਧ ਦੇ ਉਸ ਹਿੱਸੇ ਨੂੰ ਪੂਰਾ ਕਰਨ ਵਿਚ ਮਦਦ ਕੀਤੀ। **ਮਰੇਮੋਥ** ਦਾ ਨਾਂਅ ਪਾਇਆ ਜਾਣਾ ਮਹੱਤਵਪੂਰਣ ਹੈ ਕਿਉਂ ਜੋ ''ਉਸ ਨੇ ਅਤੇ ਮਲਕੀਯਾਹ [3:11] ਨੇ ਅਜ਼ਰਾ ਅਤੇ ਨਹਮਯਾਹ ਦੇ ਮਿਸ਼ਨਾਂ ਵਿਚਕਾਰ ਲਿੰਕ ਦਿੱਤੇ, ਜਿਨ੍ਹਾਂ ਨੂੰ ਕਈ ਵਾਰ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਵਿਚ ਕੋਈ ਸਾਂਝੀ ਗੱਲ ਨਹੀਂ ਸੀ।''[8] (ਵੇਖੋ ਅਜ਼ਰਾ 8:33; 10:31.) 3:30 ਵਿਚ **ਬਰਕਯਾਹ ਦੇ ਪੁੱਤਰ ਮਸ਼ੁੱਲਾਮ** ਦਾ ਜ਼ਿਕਰ ਫੇਰ ਆਉਂਦਾ ਹੈ ਜਿੱਥੇ ਉਹਦੇ ਲਈ ਕਿਹਾ ਗਿਆ

ਹੈ ਕਿ ਉਸ ਨੇ ਵੀ ''ਆਪਣੀ ਕੋਠੜੀ ਦੇ ਅੱਗੇ ਮੁਰੰਮਤ ਕੀਤੀ।'' 3:6 ਵਿਚ ''ਮਸ਼ੁੱਲਾਮ'' ਨਾਮਕ ਇਕ ਹੋਰ ਆਦਮੀ (ਪਾਸੇਆਹ ਦੇ ਪੁੱਤ੍ਰ) ਦਾ ਨਾਂਅ ਆਉਂਦਾ ਹੈ। **ਸਾਦੋਕ** ਦਾ ਨਾਂਅ 3:29 ਵਿਚ ਦੁਬਾਰਾ ਮਿਲਦਾ ਹੈ ਪਰ ਉੱਥੇ ਇਹ ਨਾਂਅ ਕਿਸੇ ਹੋਰ ਆਦਮੀ ਦਾ ਹੈ, ਜਿਸ ਦਾ ਪਿਤਾ ਫ਼ਰਕ ਹੈ।

**ਆਇਤ 5. ਤਕੋਈਆਂ** ਨੇ ਵੀ ਕੰਧ ਬਣਾਉਣ ਵਿਚ ਮਦਦ ਕੀਤੀ। ਇਹ ਲੋਕ ਆਮੋਸ ਦੇ ਸ਼ਹਿਰ ਤਕੋਆ ਤੋਂ ਸਨ (ਆਮੋਸ 1:1)। ਉਨ੍ਹਾਂ ਨੇ ਕੰਧ ਦੇ ਸਿਰਫ਼ ਇਸੇ ਹਿੱਸੇ ਦੀ ਮੁਰਮੰਤ ਨਹੀਂ ਕੀਤੀ ਬਲਕਿ ''ਦੂਜੇ ਹਿੱਸੇ'' ਦੀ ਵੀ ਮੁਰੰਮਤ ਕੀਤੀ (3:27)। ਯਰੀਹੋ ਅਤੇ ਹੋਰਨਾਂ ਥਾਂਵਾਂ ਦੇ ਲੋਕਾਂ ਵਾਂਗ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਯਰੂਸ਼ਲਮ ਸੁਰੱਖਿਅਤ ਹੈ ਅਤੇ ਹੁਣ ਇਹ ਖ਼ੁਦਾ ਦੇ ਲੋਕਾਂ ਦੀ ਨਮੋਸ਼ੀ ਦਾ ਕਾਰਣ ਨਹੀਂ ਬਣੇਗਾ।

ਪਰ ਦਿਲਚਸਪ ਗੱਲ ਇਹ ਹੈ ਕਿ **ਉਨ੍ਹਾਂ ਦੇ ਪਤਵੰਤਿਆਂ ਨੇ ਆਪਣੇ ਸੁਆਮੀਆਂ ਦੀ ਸੇਵਾ ਲਈ ਆਪਣੀਆਂ ਧੌਣਾਂ ਨਾ ਨਿਵਾਈਆਂ**। ਅਨੁਵਾਦ ਹੋਇਆ ਸ਼ਬਦ ''ਪਤਵੰਤਿਆਂ'' ਇਬਰਾਨੀ ਦੇ (*'addir*, *ਅੱਡੀਰ*) ਸ਼ਬਦ ਤੋਂ ਲਿਆ ਗਿਆ ਹੈ ਅਤੇ ਇਸ ਦਾ ਮੂਲ ਅਰਥ ਹੈ ''ਸਰਕਰਦਾ ਲੋਕ'' ਜਾਂ ''ਸ਼ਾਹੀ ਲੋਕ।'' ਹੋਰਨਾਂ ਸੰਸਕਰਣਾਂ ਵਿਚ ਇਸ ਸ਼ਬਦ ਵਿਚ ''ਸਿਰਕੱਢ ਲੋਕ'' (NAB), ''ਪ੍ਰਮੁੱਖ ਲੋਕ'' (TEV), ਅਤੇ ''ਸ਼ਹਿਰ ਦੇ ਆਗੂ'' (CEV) ਹੈ। ਇਨ੍ਹਾਂ ਰਈਸਾਂ ਨੇ ਉਸਾਰੀ ਦੇ ਹੱਥੀਂ ਕੰਮ ਕਰਨ ਵਿਚ ਮਦਦ ਕਰਕੇ ਆਪਣੇ ਹੱਥ ਮੈਲੇ ਕਰਨ ਤੋਂ ਇਨਕਾਰ ਕਰ ਦਿੱਤਾ। ਇਬਰਾਨੀ ਲਿਖਤ ਵਿਚ ਮੂਲ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ''ਕੰਮ ਲਈ ਆਪਣੀਆਂ ਧੌਣਾਂ ਨਾ ਡਾਹੀਆਂ'' (RSV)। ਇੱਥੇ ਵਰਤੀ ਗਈ ਭਾਸ਼ਾ ਹਲ਼ ਚਲਾਉਣ ਲਈ ਜੂਲ਼ੇ ਵਿਚ ਪੈਣ ਤੋਂ ਇਨਕਾਰ ਕਰਨ ਵਾਲੇ ਬਲਦਾਂ ਦੇ ਰੂਪਕ ਤੋਂ ਲਈ ਗਈ ਹੈ (ਵੇਖੋ ਯਿਰਮਿਯਾਹ 27:12)।

ਇਨ੍ਹਾਂ ਲੋਕਾਂ ਨੇ ਕੰਮ ਕਰਨ ਵਿਚ ਮਦਦ ਕਰਨ ਤੋਂ ਇਨਕਾਰ ਕਿਉਂ ਕਰ ਦਿੱਤਾ। ਲਿਖਤ ਇਹ ਨਹੀਂ ਦੱਸਦੀ ਹੈ। ਸ਼ਾਇਦ ਉਨ੍ਹਾਂ ਨੂੰ ਇਹ ਲੱਗਾ ਕਿ ਉਹ ਵੱਡੇ ਲੋਕ ਸਨ ਅਤੇ ਮਜ਼ਦੂਰੀ ਵਰਗਾ ਛੋਟਾ ਕੰਮ ਨਹੀਂ ਕਰ ਸਕਦੇ। NJB ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ''ਆਪਣੇ ਸੁਆਮੀਆਂ ਦੀ ਮਦਦ ਕਰਨ ਲਈ ਆਪਣਾ ਮਾਣ ਨਹੀਂ ਘਟਾਇਆ।'' ਐੱਫ਼. ਚਾਰਲਸ ਫ਼ੈਂਸ਼ਮ ਨੇ ਇਕ ਹੋਰ ਸੰਭਾਵਨਾ ਦਾ ਸੁਝਾਅ ਦਿੱਤਾ ਕਿ ਤਕੋਆ ਯਰੂਸ਼ਲਮ ਦੇ ਦੱਖਣ ਵੱਲ ਦਸ ਮੀਲ ਦੂਰ ਖੁੱਲ੍ਹੇ ਇਲਾਕੇ ਬੰਜ਼ਰ ਵਿਚ ਸੀ, ਇਸ ਕਰਕੇ ਸ਼ਾਇਦ ਉਨ੍ਹਾਂ ਨੂੰ ਅਰਬੀ ਗਸ਼ਮ ਵੱਲੋਂ ਹਮਲਾ ਕੀਤੇ ਜਾਣ ਦਾ ਡਰ ਸੀ[9] (2:10 ਤੇ ਟਿੱਪਣੀਆਂ ਵੇਖੋ)।

ਪਤਵੰਤਿਆਂ ਦੇ ''ਸੁਆਮੀ'' ਕੌਣ ਸਨ? ਇਬਰਾਨੀ ਲਿਖਤ ਵਿਚ ਇਹ ਸ਼ਬਦ (*'ᵃdoneyhem*, *ਅਦੋਨੇਹੇਮ*), (*'ᵃdon*, *ਆਦੋਨ*) ਦਾ ਬਹੁਵਚਨ ਰੂਪ ਹੈ ਜਿਸ ਦਾ ਅਰਥ ਹੈ ''ਸੁਆਮੀਆਂ।'' ਇਹ ਉਨ੍ਹਾਂ ਦੇ ''ਸੁਆਮੀਆਂ'' ਲਈ ਕਿਹਾ ਗਿਆ ਹੋ ਸਕਦਾ ਹੈ, ਸ਼ਾਇਦ ਨਹਮਯਾਹ ਲਈ ਜਾਂ ਕੰਮ ਦੇ ਇੰਚਾਰਜ ਹੋਰ ਲੋਕਾਂ ਲਈ।[10] ਕੁਝ ਸੰਸਕਰਣਾਂ ਵਿਚ ''ਸੁਪਰਵਾਈਜ਼ਰਾਂ'' (NIV; NCV; TEV; NLT), ਜਦ ਕਿ ਹੋਰਨਾਂ ਵਿਚ ''ਗਵਰਨਰ'' ਹੈ (NEB; REB)।

ਇਕ ਹੋਰ ਬਦਲ ਇਸ ਸ਼ਬਦ ਦਾ ਅਨੁਵਾਦ ''ਪ੍ਰਭੂ'' ਕਰਨਾ ਹੈ (KJV; NKJV; RSV; NRSV; ESV)। ਜੇ ਇੱਥੇ ਇਹ ਅਰਥ ਸਹੀ ਹੈ ਤਾਂ ਕੰਧ ਨੂੰ ਬਣਾਉਣ ਦਾ ਕੰਮ ਖ਼ੁਦਾ ਦਾ ਸੀ ਜਿਸ ਨੇ ਨਹਮਯਾਹ ਨੂੰ ਇਸ ਨੂੰ ਆਪਣੇ ਹੱਥ ਵਿਚ ਲੈਣ ਲਈ ਪ੍ਰੇਰਿਆ। ਅਜਿਹੀ ਸੂਰਤ ਵਿਚ *'ᵃdoneyhem* ਸ਼ਬਦ ਦਾ ਅਰਥ ਬਾਦਸ਼ਾਹੀ ਦੇ ਬਹੁਵਚਨ ਵਜੋਂ ਸਮਝਿਆ ਜਾਵੇ।

## ਪੱਛਮੀ ਕੰਧ (3:6-12)

**6ਅਤੇ ਪੁਰਾਣੇ ਫਾਟਕ ਨੂੰ ਪਾਸੇਆਹ ਦੇ ਪੁੱਤਰ ਯੋਯਾਦਾ ਨੇ ਅਤੇ ਬਸੋਦਯਾਹ ਦੇ ਪੁੱਤਰ ਮਸ਼ੁੱਲਾਮ**

**ਨੇ ਮੁਰੰਮਤ ਕੀਤੀ। ਉਨ੍ਹਾਂ ਨੇ ਉਹ ਦੇ ਸ਼ਤੀਰ ਬੀੜੇ ਅਤੇ ਉਹ ਦੇ ਬੂਹੇ ਅਤੇ ਉਹ ਦੀਆਂ ਚਿਟਕਨੀਆਂ
ਅਤੇ ਉਹ ਦੇ ਅਰਲ ਲਾਏ [7]ਅਤੇ ਉਨ੍ਹਾਂ ਦੇ ਨਾਲ ਹੀ ਮਲਟਯਾਹ ਗਿਬਓਨੀ ਅਤੇ ਯਾਦੋਨ ਮੇਰੋਨੋਥੀ ਨੇ
ਅਤੇ ਗਿਬਓਨ ਅਤੇ ਮਿਸਪਾਹ ਦੇ ਮਨੁੱਖਾਂ ਨੇ ਦਰਿਆ ਪਾਰ ਦੇ ਸੂਬੇ ਦੇ ਹਾਕਮ ਦੇ ਰਾਜ ਦੇ ਸਨ ਮੁਰੰਮਤ
ਕੀਤੀ [8]ਅਤੇ ਉਹ ਦੇ ਨਾਲ ਹੀ ਸਰਾਫਾਂ ਵਿੱਚੋਂ ਹਰਹਯਾਹ ਦੇ ਪੁੱਤਰ ਉੱਜ਼ੀਏਲ ਨੇ ਮੁਰੰਮਤ ਕੀਤੀ,
ਉਹ ਦੇ ਨਾਲ ਹੀ ਅਤਾਰਾਂ ਦੇ ਪੁੱਤ੍ਰਾਂ ਵਿੱਚੋਂ ਹਨਾਨਯਾਹ ਨੇ ਮੁਰੰਮਤ ਕੀਤੀ, ਅਤੇ ਉਨ੍ਹਾਂ ਨੇ ਯਰੂਸ਼ਲਮ
ਨੂੰ ਚੌੜੀ ਕੰਧ ਤੀਕ ਸਵਾਰ ਦਿੱਤਾ [9]ਅਤੇ ਉਨ੍ਹਾਂ ਦੇ ਨਾਲ ਹੂਰ ਦੇ ਪੁੱਤਰ ਰਫਾਯਾਹ ਜੋ ਯਰੂਸ਼ਲਮ ਦੇ
ਅੱਧੇ ਇਲਾਕੇ ਦਾ ਸਰਦਾਰ ਸੀ ਮੁਰੰਮਤ ਕੀਤੀ [10]ਅਤੇ ਉਨ੍ਹਾਂ ਦੇ ਨਾਲ ਹਰੂਮਫ ਦੇ ਪੁੱਤਰ ਯਦਾਯਾਹ ਨੇ
ਆਪਣੇ ਘਰ ਦੇ ਅੱਗੇ ਮੁਰੰਮਤ ਕੀਤੀ ਅਤੇ ਉਹ ਦੇ ਨਾਲ ਹਸ਼ਬਨਯਾਹ ਦੇ ਪੁੱਤਰ ਹਟੂੱਸ਼ ਨੇ ਮੁਰੰਮਤ
ਕੀਤੀ [11]ਹਰੀਮ ਦੇ ਪੁੱਤਰ ਮਲਕੀਯਾਹ ਅਤੇ ਪਹਥ-ਮੋਆਬ ਦੇ ਪੁੱਤਰ ਹਸ਼ੂਬ ਦੇ ਦੂਜੇ ਹਿੱਸੇ ਅਤੇ ਤੰਦੂਰਾਂ
ਦੇ ਬੁਰਜ ਦੀ ਮੁਰੰਮਤ ਕੀਤੀ [12]ਉਹ ਦੇ ਨਾਲ ਹੱਲੋਹੇਸ਼ ਦੇ ਪੁੱਤਰ ਸ਼ੱਲੂਮ ਨੇ ਜੋ ਯਰੂਸ਼ਲਮ ਦੇ ਅੱਧੇ
ਇਲਾਕੇ ਦਾ ਸਰਦਾਰ ਸੀ ਉਸ ਨੇ ਅਤੇ ਉਹ ਦੀਆਂ ਧੀਆਂ ਨੇ ਮੁਰੰਮਤ ਕੀਤੀ।**

**ਆਇਤ 6. ਯੋਯਾਦਾ** ਅਤੇ ਇਕ ਫ਼ਰਕ **ਮਸ਼ੁੱਲਾਮ** ਨੇ **ਪੁਰਾਣੇ ਫਾਟਕ** ਦੀ ਮੁਰੰਮਤ ਕੀਤੀ (ਵੇਖੋ 3:4)। ਇਸ ਫਾਟਕ ਦੀ ਥਾਂ ਅਤੇ ਨਾਂਅ ਤੇ ਝਗੜਾ ਹੈ। ਜੇ ਇਹ ਪ੍ਰਵੇਸ਼ ਅਸੀਰੀ ਤੋਂ ਪਹਿਲੇ ਦੇ ਸਮਿਆਂ ਵਾਲਾ ''ਖੂੰਜੇ ਵਾਲੇ ਫਾਟਕ'' ਵਾਲਾ ਸੀ, ਤਾਂ ਇਹ ਸ਼ਹਿਰ ਦੇ ਉੱਤਰ ਪੱਛਮੀ ਖੂੰਜੇ ਵਿਚ ਹੋਵੇਗਾ (12:39; 2 ਰਾਜਿਆਂ 14:13; 2 ਇਤਹਾਸ 25:23; 26:9; ਯਿਰਮਿਯਾਹ 31:38; ਜ਼ਕਰਯਾਹ 14:10)। ਜੇ ਨਹੀਂ ਤਾਂ ਇਹ ਫਾਟਕ ਪੱਛਮੀ ਕੰਧ ਦੇ ਨਾਲ ਕਿਤੇ ਹੋਵੇਗਾ। ਹੋਰਨਾਂ ਸੰਸਕਰਣਾਂ ਵਿਚ ''ਪੁਰਾਣੇ ਫਾਟਕ'' ਦੀ ਬਜਾਇ ਇਬਰਾਨੀ ਨਾਂਅ ''ਯਸ਼ਾਨਾ ਫਾਟਕ'' ਦਿੱਤਾ ਗਿਆ ਹੈ (NIV; NEB; REB; NJPSV; TEV)। ਇਹ ਯਹੂਦਾਹ ਅਤੇ ਸਾਮਰੀਆ ਦੀ ਹੱਦ ਤੇ ਯਸ਼ਾਨਾ ਸ਼ਹਿਰ ਵੱਲ ਨੂੰ ਖੁੱਲ੍ਹਦਾ ਹੋਵੇਗਾ (2 ਇਤਹਾਸ 13:19)। ਇਕ ਹੋਰ ਬਦਲ ਹੈ ਕਿ ਵਚਨ ਵਿਚ ਸੁਧਾਰ ਕਰਕੇ ''ਮਿਸ਼ਨੇਹ ਫਾਟਕ'' ਭਾਵ ''ਨਵੇਂ ਸ਼ਹਿਰ ਦਾ ਫਾਟਕ'' (NAB) ਜਾਂ ''ਨਵੇਂ ਮੁਹੱਲੇ ਦਾ ਫਾਟਕ'' (NJB) ਪੜ੍ਹਿਆ ਜਾਵੇ।

**ਆਇਤ 7. ਗਿਬਓਨੀ ਅਤੇ ਮਿਸਪਾਹ ਦੇ ਮਨੁੱਖਾਂ** [ਵੇਖੋ 7:25] ਦੇ ਨਾਲ **ਮਲਟਯਾਹ ਗਿਬਓਨੀ ਅਤੇ ਯਾਦੋਨ ਮੇਰੋਨੋਥੀ ਨੇ** ਜਿਹੜੇ **ਦਰਿਆ ਪਾਰ ਦੇ ਸੂਬੇ ਦੇ ਹਾਕਮ ਦੇ ਰਾਜ ਦੇ ਸਨ ਮੁਰੰਮਤ ਕੀਤੀ**। ਇਸ ਆਇਤ ਲਈ ਇਬਰਾਨੀ ਲਿਖਤ ਦਾ ਅਨੁਵਾਦ ਕਰਨਾ ਮੁਸ਼ਕਿਲ ਹੈ। NASB ਦੇ ਪਾਠ ਦੇ ਅਨੁਸਾਰ ''ਦਰਿਆ ਪਾਰ'' ਦੇ ਸਾਰੇ ਸੂਬੇ (ਸਤ੍ਰਾਪੀ) ਦੇ ''ਗਵਰਨਰ'' ਦਾ ਸਰਕਾਰੀ ਨਿਵਾਸ (''ਗਵਰਨਰ ਦੀ ਅਧਿਕਾਰਿਕ ਗੱਦੀ'') ਸੀ ਜਿੱਥੋਂ ਉਹ ਯਰੂਸ਼ਲਮ ਵਿਚ ਰਹਿਣ ਵੇਲੇ ਕੰਮ ਕਾਜ ਕਰਦਾ ਸੀ।[11]

ESV ਵਿਚ ਹੋਰ ਇਕ ਸੰਭਾਵਨਾ ਮਿਲਦੀ ਹੈ ਜਿਸ ਵਿਚ ਮਿਸਪਾ ਨੂੰ ''ਦਰਿਆਉਂ ਪਾਰ ਦੇ ਸੂਬੇ ਦੇ ਗਵਰਨਰ ਦੀ ਗੱਦੀ'' ਕਿਹਾ ਗਿਆ ਹੈ। ਇਹ ਥਾਂ 586 ਈ.ਪੂ. ਵਿਚ ਬਾਬਲ ਵੱਲੋਂ ਯਰੂਸ਼ਲਮ ਦੀ ਬਰਬਾਦੀ ਕੀਤੇ ਜਾਣ ਤੋਂ ਬਾਅਦ ਨਬੂਕਦਨੱਸਰ ਵੱਲੋਂ ਥਾਪੇ ਗਏ ਗਵਰਨਰ ਗਦਲਯਾਹ ਦਾ ਮੁੱਖ ਦਫ਼ਤਰ ਸੀ (2 ਰਾਜਿਆਂ 25:22, 23; ਯਿਰਮਿਯਾਹ 40:1–41:18)। ਸਾਫ਼ ਹੈ ਕਿ ਫ਼ਾਰਸੀ ਹਕੂਮਤ ਦੌਰਾਨ ਇਹ ਪ੍ਰਬੰਧਕੀ ਕੇਂਦਰ ਬਣਿਆ ਰਿਹਾ (ਵੇਖੋ 3:15)। ਇਲਾਕੇ ਵਿਚ ਆਉਣ ਤੇ ਸੂਬੇ ਦਾ ਹਾਕਮ ਇੱਥੇ ਹੀ ਠਹਿਰਦਾ ਹੋਵਗਾ।[12] ਮਿਸਪਾ ਯਰੂਸ਼ਲਮ ਤੋਂ ਅੱਠ ਕੁ ਮੀਲ ਉੱਪਰ ਵੱਲ ਨੂੰ ਸੀ ਅਤੇ ਗਿਬਲੋਨ ਯਰੂਸ਼ਲਮ ਦੇ ਉੱਤਰ ਪੱਛਮ ਵੱਲ ਪੰਜ ਕੁ ਮੀਲ।

**ਆਇਤ 8.** ਉਸਾਰੀ ਕਰਨ ਵਾਲੇ ਅਗਲੇ ਦੋ ਜਣੇ **ਸਰਾਫਾਂ ਵਿੱਚੋਂ . . . ਉੱਜ਼ੀਏਲ** ਅਤੇ **ਅਤਾਰਾਂ ਵਿੱਚੋਂ ਹਨਾਨਯਾਹ** ਸਨ। ਸ਼ਾਇਦ ਉਨ੍ਹਾਂ ਦੀਆਂ ਵਪਾਰਕ ਸੰਸਥਾਵਾਂ ਦੀ ਪੱਛਮੀ ਕੰਧ ਦੇ ਇਸ ਹਿੱਸੇ ਦੇ

ਨਾਲ–ਨਾਲ ਸਮਾਨ ਵੇਚਦੀਆਂ ਸਨ। ਇਨ੍ਹਾਂ ਲੋਕਾਂ ਨੇ **ਯਰੂਸ਼ਲਮ ਨੂੰ ਚੌੜੀ ਕੰਧ ਤੀਕ ਸਵਾਰ ਦਿੱਤਾ** (ਵੇਖੋ 12:38)। ਇਹ ਹਿਜ਼ਕਿਯਾਹ ਵੱਲੋਂ ਅੱਸ਼ੂਰੀ ਖ਼ਤਰੇ ਤੋਂ ਪੱਛਮੀ ਪਹਾੜੀ ਵਾਲੇ ਪਾਸੇ ਦੇ ਲੋਕਾਂ ਦੀ ਰੱਖਿਆ ਲਈ ਬਹੁਤ ਮੋਟੀ ਕੰਧ ਬਣਾਉਣ ਦੀ ਗੱਲ ਹੋਵੇਗੀ (2 ਇਤਹਾਸ 32:5; ਯਸਾਯਾਹ 22:10)। ਇਸ ਦੀ ਥੋੜ੍ਹੀ ਜਿਹੀ ਖੁਦਾਈ ਹੋਈ ਹੈ ਅਤੇ ਉਸ ਦੀ ਚੁੜਾਈ 23 ਫੁੱਟ ਦੇ ਕਰੀਬ ਨਾਪੀ ਗਈ ਹੈ। ਕਈਆਂ ਦਾ ਵਿਚਾਰ ਹੈ ਕਿ ''ਚੌੜੀ ਕੰਧ'' ਨਹਮਯਾਹ ਦੀ ਉਸਾਰੀ ਦਾ ਹਿੱਸਾ ਸੀ ਜਦਕਿ ਹੋਰਨਾਂ ਦਾ ਵਿਚਾਰ ਹੈ ਕਿ ਇਹ ਸਿਰਫ਼ ਕਹਿਣ ਲਈ ਹੈ।

**ਆਇਤ 9. ਹੂਰ ਦੇ ਪੁੱਤਰ ਰਫਾਯਾਹ** ਨੂੰ **ਯਰੂਸ਼ਲਮ ਦੇ ਅੱਧੇ ਇਲਾਕੇ ਦਾ ਸਰਦਾਰ** ਦੱਸਿਆ ਗਿਆ ਹੈ। ਕਈ ਅੱਧੇ ਇਲਾਕਿਆਂ ਦੇ ਹਵਾਲੇ 3:12–18 ਵਿਚ ਮਿਲਦੇ ਹਨ; ਇਹ ਲੋਕ ''ਯਰੂਸ਼ਲਮ'' (3:12), ''ਬੇਥ ਹਰਾਮ'' (3:14), ''ਮਿਸਪਾ'' (3:15, 19), ''ਬੈਥਜ਼ੂਰ'' (3:16), ਅਤੇ ''ਕਇਲਾਹ'' (3:17, 18) ਦੇ ਅੱਧੇ ਇਲਾਕੇ ਉੱਤੇ ਪ੍ਰਧਾਨ ਸਨ।[13] ਜ਼ਾਹਿਰ ਤੌਰ ਤੇ ਇਹ ਪ੍ਰਬੰਧਕੀ ਜ਼ਿਲ੍ਹੇ ਸਨ ਜਿਨ੍ਹਾਂ ਉੱਤੇ ''ਸਰਦਾਰ'' ਸਨ ਜਿਹੜੇ ਸੂਬੇ ਦੇ ਹਾਕਮ ਜਾਂ ਗਵਰਨਰ ਦੇ ਅਧੀਨ ਸਨ। ਉਸਾਰੀ ਕਰਨ ਵਾਲਿਆਂ ਵਿਚ ਇਨ੍ਹਾਂ ਸਮੂਹਾਂ ਦੀ ਨੁਮਾਇੰਦਗੀ ਤੋਂ ਇਹ ਪਤਾ ਲਗਦਾ ਹੈ ਕਿ ਕੰਧ ਦਾ ਬਣਾਇਆ ਜਾਣਾ ਸਿਰਫ਼ ਯਰੂਸ਼ਲਮ ਸ਼ਹਿਰ ਲਈ ਹੀ ਨਹੀਂ ਬਲਕਿ ਪੂਰੇ ਯਹੂਦਾਹ ਦਾ ਕੰਮ ਸੀ।

**ਆਇਤ 10.** ਅਗਲੇ ਕਰਮਚਾਰੀ **ਯਦਾਯਾਹ** ਅਤੇ **ਹਟੂੱਸ਼** ਸਨ ਜਿਨ੍ਹਾਂ ਨੇ **ਆਪਣੇ ਘਰ ਦੇ ਅੱਗੇ ਮੁਰੰਮਤ ਕੀਤੀ**। ''ਹਟੂੱਸ਼'' ਨਾਂਅ ਨੇਮ ਦੇ ਦਸਤਾਵੇਜ਼ ਉੱਤੇ ਵੀ ਮਿਲਦਾ ਹੈ (10:4); ਇਹ ਦੋਵੇਂ ਹਵਾਲੇ ਇੱਕੋ ਆਦਮੀ ਦੇ ਹੋ ਸਕਦੇ ਹਨ।

**ਆਇਤ 11. ਮਲਕੀਯਾਹ** ਅਤੇ **ਹਸ਼ੂਬ** ਨੇ **ਤੰਦੂਰਾਂ ਦੇ ਬੁਰਜ** ਵਾਲੇ ਭਾਗ ਨੂੰ ਬਣਾਇਆ। ਇਕ ਵਿਚਾਰ ਇਹ ਹੈ ਕਿ ਇਸ ਬੁਰਜ ਵਿਚ ਸੰਕੇਤਕ ਅੱਗ ਬਲਦੀ ਰਹਿੰਦੀ ਸੀ। ਪਰ ਬਹੁਤ ਸਾਰੇ ਅਨੁਵਾਦਾਂ ਵਿਚ (*thannurim*, *ਥੱਨੁਰਿਮ*) ਦਾ ਅਨੁਵਾਦ ''ਤੰਦੂਰਾਂ'' ਕੀਤਾ ਗਿਆ ਹੈ (NASB ਵਿਚ ਇਹ ਭੱਠੀਆਂ ਹੈ – ਅਨੁਵਾਦਕ) (ਵੇਖੋ NKJV; NIV; NRSV; NJPSV; REB; TEV; NLT; ESV)। ਕੁਝ ਤੰਦੂਰ ਭਾਂਡੇ ਪਕਾਉਣ ਲਈ ਜਾਂ ਰੋਟੀ ਪਕਾਉਣ ਲਈ ਵਰਤੇ ਜਾ ਸਕਦੇ ਹੋਣਗ। (ਖ਼ਾਸਕਰ ਜੇ ਉਹ ''ਲਾਂਗਰੀਆਂ ਦੀ ਗਲੀ'' ਦੇ ਨੇੜੇ ਹੋਣ; ਯਿਰਮਿਯਾਹ 37:21)।

**ਆਇਤ 12. ਹੱਲੋਹੇਸ਼ ਦੇ ਪੁੱਤਰ ਸ਼ੱਲੂਮ** ਨੂੰ **ਜੋ ਯਰੂਸ਼ਲਮ ਦੇ ਅੱਧੇ ਇਲਾਕੇ ਦਾ ਸਰਦਾਰ ਸੀ** ਆਪਣੇ ਕੰਮ ਵਿਚ ਮਦਦ **ਉਹ ਦੀਆਂ ਧੀਆਂ** ਵੱਲੋਂ ਮਿਲੀ। ਇਹ ਵਿਖਾਉਣ ਲਈ ਕਿ ਯਰੂਸ਼ਲਮ ਦੀ ਕਿਲ੍ਹਾਬੰਦੀ ਇਕੱਲੇ ਬੰਦਿਆਂ ਨੇ ਹੀ ਨਹੀਂ ਕੀਤੀ, ਕੰਧ ਉੱਤੇ ਔਰਤਾਂ ਦੇ ਕੰਮ ਕਰਨ ਦਾ ਇਹ ਇਕੱਲਾ ਜ਼ਿਕਰ ਕਾਫ਼ੀ ਹੈ। 3:15 ''ਸ਼ੱਲੂਮ'' ਨਾਂਅ ਦੇ ਇਕ ਹੋਰ ਆਦਮੀ ਦਾ ਜ਼ਿਕਰ ਹੈ।

## ਦੱਖਣ ਪੱਛਮੀ ਕੰਧ (3:13, 14)

**13 ਅਤੇ ਵਾਦੀ ਦੇ ਫਾਟਕ ਦੀ ਮੁਰੰਮਤ ਹਨੂਨ ਅਤੇ ਜ਼ਾਨੋਆਹ ਦੇ ਵਾਸੀਆਂ ਨੇ ਕੀਤੀ ਅਤੇ ਉਨ੍ਹਾਂ ਨੇ ਉਹ ਨੂੰ ਬਣਾਇਆ ਅਤੇ ਉਹ ਦੇ ਬੂਹੇ ਅਤੇ ਉਹ ਦੀਆਂ ਚਿਟਕਨੀਆਂ ਅਤੇ ਉਹ ਦੇ ਅਰਲ ਲਾਏ ਅਤੇ ਇੱਕ ਹਜ਼ਾਰ ਹੱਥ ਕੰਧ ਕੂੜੇ ਦੇ ਫਾਟਕ ਤੀਕ ਬਣਾਈ 14 ਅਤੇ ਕੂੜੇ ਦੇ ਫਾਟਕ ਨੂੰ ਰੇਕਾਬ ਦੇ ਪੁੱਤਰ ਮਲਕੀਯਾਹ ਨੇ ਮੁਰੰਮਤ ਕੀਤਾ ਜੋ ਬੈਤ-ਹੱਕਾਰਮ ਦੇ ਇੱਕ ਹਿੱਸੇ ਦਾ ਸਰਦਾਰ ਸੀ ਅਤੇ ਉਸ ਨੇ ਉਹ ਨੂੰ ਬਣਾਇਆ ਅਤੇ ਉਹ ਦੇ ਬੂਹੇ ਅਤੇ ਉਹ ਦੀਆਂ ਚਿਟਕਨੀਆਂ ਅਤੇ ਉਹ ਦੇ ਅਰਲ ਲਾਏ।**

**ਆਇਤ 13. ਹਨੂਨ ਅਤੇ ਜ਼ਾਨੋਆਹ ਦੇ ਵਾਸੀਆਂ** ਨੂੰ **ਵਾਦੀ ਦੇ ਫਾਟਕ** ਦੀ ਮੁਰੰਮਤ ਦਾ ਕੰਮ ਸੌਂਪਿਆ ਗਿਆ ਜਿੱਥੇ ਨਹਮਯਾਹ ਨੇ ਗੁਪਤ ਮੁਆਇਨਾ ਸ਼ੁਰੂ ਕੀਤਾ ਸੀ (2:13)। ''ਜ਼ਾਨੋਆਹ''

ਯਰੂਸ਼ਲਮ ਦੇ ਪੱਛਮ–ਦੱਖਣ ਪੱਛਮ ਵੱਲ ਨੂੰ ਤੇਰਾਂ ਕੁ ਮੀਲ ਸੀ, ਜੋ ਇਸ ਗੱਲ ਦਾ ਸੰਕੇਤ ਹੈ ਕਿ ਇਹ ਲੋਕ ਕੰਧ ਦੇ ਉਸ ਹਿੱਸੇ ਤੇ ਕੰਮ ਕਰ ਰਹੇ ਸਨ ਜਿਹੜਾ ਉਨ੍ਹਾਂ ਦੇ ਸ਼ਹਿਰ ਵੱਲ ਨੂੰ ਲਗਦਾ ਸੀ। ਉਨ੍ਹਾਂ ਨੇ **ਇੱਕ ਹਜ਼ਾਰ ਹੱਥ ਕੰਧ ਕੂੜੇ ਦੇ ਫਾਟਕ ਤੀਕ** ਪੂਰੀ ਕੀਤੀ। ਇਹ ਫ਼ਾਸਲਾ ਲਗਭਗ 1,500 ਫ਼ੁੱਟ ਜਿੰਨਾਂ ਹੋਵੇਗਾ। ਬਹੁਤੀ ਸੰਭਾਵਨਾ ਇਹ ਹੈ ਕਿ ਜਿੰਨੀ ਲੰਬਾਈ ਦੀ ਮੁਰੰਮਤ ਇਸ ਗੁੱਟ ਨੇ ਕੀਤੀ, ਉਹ ਆਦਰਸ਼ ਨਹੀਂ ਸੀ। ਸ਼ਾਇਦ ਜਿੱਥੇ ਉਨ੍ਹਾਂ ਨੇ ਕੰਧ ਦੇ ਕੰਮ ਕੀਤਾ ਉੱਥੇ ਓਨਾਂ ਨੁਕਸਾਨ ਨਹੀਂ ਹੋਇਆ ਸੀ ਜਿੰਨਾਂ ਹੋਰਨਾਂ ਥਾਂਵਾਂ ਤੇ ਹੋਇਆ ਸੀ, ਜਿਸ ਕਰਕੇ ਉਨ੍ਹਾਂ ਨੇ ਦੂਜਿਆਂ ਨਾਲੋਂ ਛੇਤੀ ਕਾਫ਼ੀ ਹਿੱਸਾ ਬਣਾ ਲਿਆ।

**ਆਇਤ 14. ਮਲਕੀਯਾਹ** ਨੇ **ਕੂੜੇ ਦੇ ਫਾਟਕ** ਤੇ, ਜਿਹਦੀ ਗੱਲ 2:13 ਵਿਚ ਕੀਤੀ ਗਈ ਹੈ, ਕੰਮ ਕੀਤਾ। ਇਹ ਸ਼ਹਿਰ ਦੇ ਅੰਦਰ ਦਾ ਕੂੜਾ ਸਾੜਨ ਲਈ ਹਿਨੋਮ ਦੀ ਵਾਦੀ ਵਿਚਲੀ ਥਾਂ ਸੀ। ‘‘ਮਲਕੀਯਾਹ’’ **ਬੈਤ-ਹੱਕਾਰਮ ਦੇ ਇੱਕ ਹਿੱਸੇ ਦਾ ਸਰਦਾਰ ਸੀ**। ਇਸ ਨਾਮ ਦਾ ਅਰਥ ਹੈ ‘‘ਅੰਗੂਰੀ ਬਾਗ ਦਾ ਘਰ।’’ ਇਹ ਥਾਂ ਯਰੂਸ਼ਲਮ ਤੋਂ ਕੁਝ ਮੀਲ ਦੱਖਣ ਵੱਲ ਹੋਵੇਗਾ ਜਿਸ ਕਰਕੇ ਇਹਨੇ 586 ਈ.ਪੂ. ਵਿਚ ਬਰਬਾਦੀ ਤੋਂ ਪਹਿਲਾਂ ਸੰਕੇਤਕ ਅੱਗ ਵਾਲੀ ਥਾਂ ਦਾ ਕੰਮ ਕੀਤਾ (ਯਿਰਮਿਯਾਹ 6:1)। ਜੇ ਇਹ ਥਾਂ ਸਹੀ ਹੈ ਤਾਂ ‘‘ਕੂੜੇ ਦਾ ਫਾਟਕ’’ ਸ਼ਹਿਰ ਦੇ ‘‘ਬੈਤ–ਹੱਕਾਰਮ’’ ਦਾ ਸਭ ਤੋਂ ਨੇੜਲਾ ਇਲਾਕਾ।

## ਦੱਖਣ ਪੂਰਬੀ ਕੰਧ (3:15-27)

**[15]ਅਤੇ ਚਸ਼ਮੇ ਫਾਟਕ ਨੂੰ ਕਾਲ ਹੋਜ਼ਾ ਦੇ ਪੁੱਤਰ ਸ਼ੱਲੂਨ ਨੇ ਜੋ ਮਿਸਪਾਹ ਦੇ ਇਲਾਕੇ ਦਾ ਸਰਦਾਰ ਸੀ ਮੁਰੰਮਤ ਕੀਤਾ ਅਤੇ ਉਹ ਨੂੰ ਬਣਾਇਆ ਅਤੇ ਉਹ ਨੂੰ ਛੱਤਿਆ ਅਤੇ ਉਹ ਦੇ ਬੂਹੇ ਅਤੇ ਉਹ ਦੀਆਂ ਚਿਟਕਨੀਆਂ ਅਤੇ ਉਹ ਦੇ ਅਰਲ ਲਾਏ, ਅਤੇ ਪਾਤਸ਼ਾਹੀ ਬਾਗ ਦੇ ਕੋਲ ਸ਼ੱਲਾਹ ਦੇ ਤਾਲ ਦੀ ਕੰਧ ਨੂੰ ਉਨ੍ਹਾਂ ਪੌੜੀਆਂ ਤਕ ਜਿਹੜੀਆਂ ਦਾਊਦ ਦੇ ਸ਼ਹਿਰ ਵਿੱਚੋਂ ਹੇਠਾਂ ਨੂੰ ਆਉਂਦੀਆਂ ਸਨ ਬਣਾਇਆ [16]ਅਤੇ ਉਸ ਦੇ ਮਗਰੋਂ ਅਜ਼ਬੂਕ ਦੇ ਪੁੱਤਰ ਨਹਮਯਾਹ ਨੇ ਜਿਹੜਾ ਬੈਤਸੂਰ ਦੇ ਅੱਧੇ ਇਲਾਕੇ ਦਾ ਸਰਦਾਰ ਸੀ ਦਾਊਦ ਦੀਆਂ ਕਬਰਾਂ ਦੇ ਸਾਹਮਣੇ ਤੀਕ ਅਤੇ ਤਾਲ ਤੀਕ ਜਿਹੜਾ ਬਣਾਇਆ ਗਿਆ ਸੀ ਅਤੇ ਸੂਰਬੀਰਾਂ ਦੇ ਘਰ ਤੀਕ ਮੁਰੰਮਤ ਕੀਤੀ [17]ਉਸ ਦੇ ਮਗਰੋਂ ਲੇਵੀਆਂ ਵਿੱਚੋਂ ਬਾਨੀ ਦੇ ਪੁੱਤਰ ਰਹੂਮ ਨੇ ਮੁਰੰਮਤ ਕੀਤੀ, ਉਹ ਦੇ ਨਾਲ ਹਸ਼ਬਯਾਹ ਜੋ ਕਈਲਾਹ ਦੇ ਅੱਧੇ ਇਲਾਕੇ ਦਾ ਸਰਦਾਰ ਸੀ ਆਪਣੇ ਹਲਕੇ ਦੀ ਮੁਰੰਮਤ ਕੀਤੀ [18]ਉਹ ਦੇ ਮਗਰੋਂ ਉਹ ਦੇ ਭਰਾਵਾਂ ਵਿੱਚੋਂ ਹੇਨਾਦਾਦ ਦੇ ਪੁੱਤਰ ਬੱਵਈ ਨੇ ਜਿਹੜਾ ਕਈਲਾਹ ਦੇ ਅੱਧੇ ਇਲਾਕੇ ਦਾ ਸਰਦਾਰ ਸੀ ਮੁਰੰਮਤ ਕੀਤੀ [19]ਉਹ ਦੇ ਨਾਲ ਯੇਸ਼ੂਆ ਦੇ ਪੁੱਤਰ ਏਜ਼ਰ ਨੇ ਜਿਹੜਾ ਮਿਸਪਾਹ ਦਾ ਸਰਦਾਰ ਸੀ ਉਹ ਨੇ ਦੂਜੇ ਹਿੱਸੇ ਦੀ ਸ਼ਸਤ੍ਰ ਖ਼ਾਨੇ ਦੀ ਚੜ੍ਹਾਈ ਦੇ ਸਾਹਮਣੇ ਦੇ ਮੋੜ ਤੀਕ ਦੀ ਮੁਰੰਮਤ ਕੀਤੀ [20]ਉਹ ਦੇ ਮਗਰੋਂ ਜ਼ੱਬਈ ਦੇ ਪੁੱਤਰ ਬਾਰੂਕ ਨੇ ਦਿਲ ਲਾ ਕੇ ਦੂਜੇ ਹਿੱਸੇ ਦੀ ਮੁਰੰਮਤ ਉਸ ਮੋੜ ਤੋਂ ਲੈ ਕੇ ਅਲਯਾਸ਼ੀਬ ਸਰਦਾਰ ਜਾਜਕ ਦੇ ਘਰ ਦੇ ਦਰਵੱਜੇ ਤੀਕ ਕੀਤੀ [21]ਉਸ ਦੇ ਮਗਰੋਂ ਹੱਕੋਜ਼ ਦੇ ਪੋਤਰੇ ਊਰੀਯਾਹ ਦੇ ਪੁੱਤਰ ਮਰੇਮੋਥ ਨੇ ਦੂਜੇ ਹਿੱਸੇ ਦੀ ਅਲਯਾਸ਼ੀਬ ਦੇ ਘਰ ਦੇ ਬੂਹੇ ਤੋਂ ਅਲਯਾਸ਼ੀਬ ਦੇ ਘਰ ਦੇ ਆਖ਼ਰ ਤਕ ਮੁਰੰਮਤ ਕੀਤੀ [22]ਉਹ ਦੇ ਮਗਰੋਂ ਉਨ੍ਹਾਂ ਜਾਜਕਾਂ ਨੇ ਮੁਰੰਮਤ ਕੀਤੀ ਜਿਹੜੇ ਮਦਾਨ ਦੇ ਮਨੁੱਖ ਸਨ [23]ਉਹ ਦੇ ਮਗਰੋਂ ਬਿਨਯਾਮੀਨ ਅਤੇ ਹਸ਼ੂਬ ਨੇ ਆਪਣੇ ਘਰ ਦੇ ਸਾਹਮਣੇ ਤਕ ਮੁਰੰਮਤ ਕੀਤੀ। ਉਹ ਦੇ ਮਗਰੋਂ ਅਨਨਯਾਹ ਦੇ ਪੋਤਰੇ ਮਆਸ਼ੇਯਾਹ ਦੇ ਪੁੱਤਰ ਅਜ਼ਰਯਾਹ ਨੇ ਆਪਣੇ ਘਰ ਦੇ ਨਾਲ ਨਾਲ ਮੁਰੰਮਤ ਕੀਤੀ [24]ਉਸ ਦੇ ਮਗਰੋਂ ਹੇਨਾਦਾਦ ਦੇ ਪੁੱਤਰ ਬਿੰਨੂਈ ਨੇ ਅਜ਼ਰਯਾਹ ਦੇ ਘਰ ਤੋਂ ਲੈ ਕੇ ਮੋੜ ਤਕ ਅਤੇ ਨੁੱਕਰ ਤੱਕ ਦੂਜੇ ਹਿੱਸੇ ਦੀ ਮੁਰੰਮਤ ਕੀਤੀ [25]ਊਜ਼ਈ ਦੇ ਪੁੱਤਰ ਪਲਾਲ ਨੇ ਉਸ ਮੋੜ ਅਤੇ ਬੁਰਜ ਦੇ ਸਾਹਮਣੇ ਤੋਂ ਜੋ ਪਾਤਸ਼ਾਹ ਦੇ ਉੱਪਰਲੇ**

**ਮਹਿਲ ਦੇ ਅੱਗੋਂ ਨਿੱਕਲਦਾ ਸੀ ਜਿਹੜਾ ਬੰਦੀ ਖ਼ਾਨੇ ਦੇ ਦਲਾਨ ਦੇ ਨਾਲ ਸੀ ਮੁਰੰਮਤ ਕੀਤੀ। ਉਹ ਦੇ ਮਗਰੋਂ ਪਰੋਸ਼ ਦੇ ਪੁੱਤਰ ਪਦਾਯਾਹ ਨੇ [26]ਅਤੇ ਨਥੀਨੀਮ ਜੋ ਓਫਲ ਵਿੱਚ ਵੱਸਦੇ ਸਨ ਜਲ ਫਾਟਕ ਦੇ ਸਾਹਮਣੇ ਤੀਕ ਪੂਰਬ ਵੱਲ ਨਿੱਕਲਵੇਂ ਬੁਰਜ ਤੀਕ [27]ਉਹ ਦੇ ਮਗਰੋਂ ਤਕੋਈਆਂ ਨੇ ਉਸ ਵੱਡੇ ਬੁਰਜ ਦੇ ਸਾਹਮਣੇ ਤੋਂ ਜਿਹੜਾ ਬਾਹਰ ਨਿੱਕਲਵਾਂ ਸੀ ਓਫਲ ਦੀ ਕੰਧ ਤੀਕ ਦੂਜੇ ਹਿੱਸੇ ਦੀ ਮੁਰੰਮਤ ਕੀਤੀ।**

**ਆਇਤ 15.** ਇਕ ਹੋਰ **ਸ਼ੱਲੂਮ** (ਵੇਖੋ 3:12), **ਜੋ ਮਿਸਪਾਹ ਦੇ ਇਲਾਕੇ ਦਾ ਸਰਦਾਰ ਸੀ** ਨੇ ਕਈ ਕੰਮ ਕੀਤੇ ਜਿਸ ਵਿਚ ਉਸ ਨੇ ਆਪਣੇ ਨਾਲ ਦੇ ਕੰਮ ਕਰਨ ਵਾਲਿਆਂ ਦੇ ਨਾਲ **ਚਸ਼ਮੇ ਫਾਟਕ ਨੂੰ ਮੁਰੰਮਤ ਕੀਤਾ**। ਇਹ ਫਾਟਕ ਦੱਖਣ ਪੂਰਬੀ ਕੰਧ ਦੇ ਨਾਲ ਸੀ, ਭਾਵੇਂ ਇਸ ਦੀ ਸਹੀ ਸਹੀ ਥਾਂ ਤੇ ਝਗੜਾ ਹੈ ਕਿ ਇਹ ਕਿੱਥੇ ਸੀ (ਤੇ ਟਿੱਪਣੀਆਂ ਵੇਖੋ 2:14)।

ਇਨ੍ਹਾਂ ਲੋਕਾਂ ਨੇ **ਸ਼ੱਲਾਹ ਦੇ ਤਾਲ ਦੀ ਕੰਧ** ਦੀ ਜਿਹੜੀ ਚਸ਼ਮੇ ਫਾਟਕ ਦੇ ਹੇਠਾਂ ਸੀ, ਮੁਰੰਮਤ ਵੀ ਕੀਤੀ। ''ਸ਼ੱਲਾਹ'' ''ਸ਼ਿਲੋਆਹ'' ਦਾ ਹੋਰ ਸਪੈਲਿੰਗ ਲਗਦਾ ਹੈ (ਯਸਾਯਾਹ 8:6)। ''ਸ਼ੱਲਾਹ ਦਾ ਤਾਲ'' ''ਸਿਲੋਆਮ ਦਾ ਤਲਾਅ'' (NIV) ਹੋਵੇਗਾ ਜਿਸ ਨੂੰ ਹਿਜ਼ਕਿਯਾਹ ਨੇ ਬਣਵਾਇਆ ਸੀ (2 ਰਾਜਿਆਂ 20:20; 2 ਇਤਹਾਸ 32:30)।

ਉਨ੍ਹਾਂ ਵੱਲੋਂ ਮੁਰੰਮਤ ਕੀਤੀ ਗਈ ਕੰਧ ਦੀ ਲੰਬਾਈ **ਪਾਤਸ਼ਾਹੀ ਬਾਗ** ਤੋਂ **ਉਨ੍ਹਾਂ ਪੌੜੀਆਂ ਤਕ ਜਿਹੜੀਆਂ ਦਾਊਦ ਦੇ ਸ਼ਹਿਰ ਵਿੱਚੋਂ ਹੇਠਾਂ ਨੂੰ ਆਉਂਦੀਆਂ ਸਨ** ਸੀ। ''ਪਾਤਸ਼ਾਹੀ ਬਾਗ'' ਕੰਧਾਂ ਦੇ ਬਾਹਰ ਨੇੜਲਾ ਹਿੱਸਾ ਹੋ ਸਕਦਾ ਹੈ ਜਿੱਥੇ ਕਿਦਰੋਨ ਅਤੇ ਹਿੰਨੋਮ ਘਾਟੀਆਂ ਜੁੜਦੀਆਂ ਹਨ। ਯਹੂਦੀਆਂ ਵੱਲੋਂ ਆਪਣੇ ਸ਼ਾਨਦਾਰ ਅਤੀਤ ਦੀ ਯਾਦਗਾਰ ਦੇ ਰੂਪ ਵਿਚ ਸੰਭਾਲਿਆ ਗਿਆ ਇਹ ਮਸ਼ਹੂਰ ਥਾਂ ਸੀ (ਵੇਖੋ 2 ਰਾਜਿਆਂ 25:4; ਯਿਰਮਿਯਾਹ 39:4; 52:7)। ''ਪੌੜੀਆਂ'' ਜਿਹੜੀਆਂ ਅੱਗੇ ਉੱਤਰ ਵੱਲ ਨੂੰ ਸਨ, ਚਸ਼ਮੇ ਫਾਟਕ ਦੇ ਨੇੜੇ ਸਨ (12:37)। ''ਦਾਊਦ ਦਾ ਸ਼ਹਿਰ'' ''ਯਰੂਸ਼ਲਮ ਦੀ ਪੂਰਬੀ ਟਿਸੀ ਦਾ ਦੱਖਣੀ ਭਾਗ'' ਸੀ।[14] ਉੱਤਰੀ ਭਾਗ ਹੈਕਲ ਦਾ ਭਾਗ ਸੀ।

**ਆਇਤ 16.** ਕਿਸੇ ਹੋਰ **ਨਹਮਯਾਹ** ਨੇ, ਉਹਨੇ ਨਹੀਂ ਜਿਹਨੇ ਉਸਾਰੀ ਦੀ ਕੋਸ਼ਿਸ਼ਾਂ ਵਿਚ ਅਗਵਾਈ ਕੀਤੀ ਸੀ, ਦੱਖਣ ਪੂਰਬੀ ਕੰਧ ਦੀ **ਮੁਰੰਮਤ ਕੀਤੀ**। ਉਹ **ਬੈਤਸੂਰ ਦੇ ਅੱਧੇ ਇਲਾਕੇ ਦਾ ਸਰਦਾਰ ਸੀ**, ਜੋ ਯਰੂਸ਼ਲਮ ਤੋਂ ਪੰਦਰਾਂ ਮੀਲ ਦੇ ਕਰੀਬ ਦੱਖਣ ਪੱਛਮ ਵੱਲ ਸੀ। ਜਿਸ ਕੰਧ ਦੀ ਮੁਰੰਮਤ ਉਸ ਨੇ ਕੀਤੀ ਉਹ ਕਈ ਮਸ਼ਹੂਰ ਥਾਂਵਾਂ ਵਿਚ **ਦਾਊਦ ਦੀਆਂ ਕਬਰਾਂ** ਸਨ ਜੋ ਮਹਾਰਾਜ, ਉਸ ਦੀ ਸੰਤਾਨ ਅਤੇ ਉਸ ਦੇ ਉੱਤਰਾਧਿਕਾਰੀਆਂ ਦੇ ਕਬਰਸਥਾਨ ਸਨ ਜਿਹੜੇ ਦਾਊਦ ਦੇ ਸ਼ਹਿਰ ਵਿਚ ਸਨ (1 ਰਾਜਿਆਂ 2:10; 11:43; 14:31; 2 ਇਤਹਾਸ 21:20; 32:33; ਕਰਤੱਬ 2:29)। ਇਕ ਹੋਰ **ਸੂਰਬੀਰਾਂ ਦੇ ਘਰ** ਸੀ, ਜੋ ਕਿ ਸੰਭਵ ਤੌਰ ਤੇ ਸੂਰਮੇ ਜੋਧਿਆਂ ਦੀਆਂ ਬੈਰਕਾਂ ਯਨ (ਵੇਖੋ 2 ਸਮੂਏਲ 10:7; 23:8–39)। ਨਹਮਯਾਹ ਨੇ **ਤਾਲ** ਦੇ ਆਲੇ ਦੁਆਲੇ **ਜਿਹੜਾ ਬਣਾਇਆ ਗਿਆ ਸੀ** ਵੀ ਕੰਮ ਕੀਤਾ। ਇਹ ਸਿਲੋਆਮ ਦਾ ਤਲਾਅ ਨਹੀਂ ਸੀ ਕਿਉਂ ਜੋ ਸਿਲੋਆਮ ਤਾ ਤਲਾਅ ਅੱਗੇ ਦੱਖਣ ਵੱਲ ਸੀ (3:15 ਤੇ ਟਿੱਪਣੀਆਂ ਵੇਖੋ)। ''ਬਣਾਇਆ ਗਿਆ ਤਾਲ'' ਉਹੀ ਹੋਵੇਗਾ ਜਿਸ ਨੂੰ 2:14 ਵਿਚ ''ਪਾਤਸ਼ਾਹੀ ਤਲਾਅ'' ਕਿਹਾ ਗਿਆ ਹੈ।

**ਆਇਤ 17.** ਇਸ ਨਹਮਯਾਹ ਦੇ ਬਾਅਦ **ਲੇਵੀਆਂ** ਨੇ **ਰਹੂਮ**, ਅਤੇ ਸਰਦਾਰ **ਹਸ਼ਬਯਾਹ** ਦੇ ਤਹਿਤ ਕੰਮ ਕੀਤਾ। ਕਿਤਾਬ ਵਿਚ ਉਸ ਦਾ ਨਾਂਅ ਅੱਗੇ ਲੇਵੀਆਂ ਵਿਚ ਬਾਰ–ਬਾਰ ਆਉਂਦਾ ਹੈ (10:11; 11:15, 22; 12:24)। ਹਸ਼ਬਯਾਹ **ਕਈਲਾਹ ਦੇ ਅੱਧੇ ਇਲਾਕੇ ਦਾ ਸਰਦਾਰ ਸੀ**। ''ਕਈਲਾਹ'' ਯਰੂਸ਼ਲਮ ਦੇ ਦੱਖਣ ਪੱਛਮ ਵੱਲ ਸਤਾਰਾਂ ਕੁ ਮੀਲ ਦੂਰ ਇਕ ਸ਼ਹਿਰ ਸੀ। ਇਹ ਕਥਨ ਦਾ ਕਿ ਹਸ਼ਬਯਾਹ ਨੇ **ਆਪਣੇ ਹਲਕੇ ਦੀ ਮੁਰੰਮਤ ਕੀਤੀ**। ਅਰਥ ਇਹ ਹੈ ਕਿ ਉਸ ਨੇ ਆਪਣੇ ਹਲਕੇ ਦੀ ਤਰਫੋਂ ਜਾਂ ਉਸ ਦੇ ਨੁਮਾਇੰਦੇ ਦੇ ਰੂਪ ਵਿਚ ਮੁਰੰਮਤ ਕੀਤੀ।

**ਆਇਤ 18. ਉਹਦੇ ਭਰਾਵਾਂ** (ਸ਼ਾਇਦ ਲੇਵੀ ਦੇ ਭਰਾਵਾਂ[15]) ਦੀ ਅਗਵਾਈ **ਬੱਵਈ** ਨੇ ਕੀਤੀ। ਉਹ **ਕਈਲਾਹ ਦੇ ਅੱਧੇ ਇਲਾਕੇ ਦਾ ਸਰਦਾਰ ਸੀ** (ਵੇਖੋ 3:17)।

**ਆਇਤ 19. ਏਜ਼ਰ ਮਿਸਪਾਹ ਦਾ ਸਰਦਾਰ** ਸੀ, ਜਦ ਕਿ ਸ਼ੱਲੂਨ ਇਹਦੇ ਆਲੇ ਦੁਆਲੇ ਦੇ ਇਲਾਕੇ ਦਾ ਸਰਦਾਰ ਸੀ (3:15)। ਏਜ਼ਰ ਨੇ ਕੰਧ ਦੇ **ਦੂਜੇ ਹਿੱਸੇ ਦੀ** ਜਿਹੜਾ **ਸ਼ਸਤ੍ਰ ਖ਼ਾਨੇ ਦੀ ਚੜਾਈ ਦੇ ਸਾਹਮਣੇ ਦੇ ਮੋੜ ਤੀਕ ਮੁਰੰਮਤ ਕੀਤੀ**। ''ਮੋੜ'' (*miqtsoa'*, *ਮਿਕਟਸੋਆ*) ''ਟੇਕ'' (NKJV; ESV), ਕੰਧ ਵਿਚ ਤਿੱਖਾ ਮੋੜ (KJV; TEV), ਜਾਂ ''ਢਲਾਨ'' (NEB; REB) ਹੋ ਸਕਦਾ ਹੈ। 3:24, 25 ਵਿਚ ਇਕ ਵੱਖਰੇ ''ਮੋੜ'' ਦਾ ਜ਼ਿਕਰ ਹੈ।

**ਆਇਤ 20. ਬਾਰੂਕ** ਵੱਲੋਂ ਬਣਾਇਆ ਗਿਆ ਹਿੱਸਾ **ਮੋੜ ਤੋਂ ਲੈ ਕੇ ਅਲਯਾਸ਼ੀਬ ਸਰਦਾਰ ਜਾਜਕ ਦੇ ਘਰ ਦੇ ਦਰਵੱਜੇ ਤੀਕ ਕੀਤੀ**। ਬਾਰੂਕ ਨੂੰ ਹੋਰਨਾਂ ਬਣਾਉਣ ਵਾਲਿਆਂ ਨਾਲੋਂ ਫਕਰ ਦੱਸਿਆ ਗਿਆ ਹੈ ਕਿਉਂ ਜੋ ਦੱਸਿਆ ਗਿਆ ਹੈ ਕਿ ਉਹ **ਦਿਲ ਲਾ ਕੇ** ਕੰਧ ਦੇ **ਦੂਜੇ ਹਿੱਸੇ ਦੀ ਮੁਰੰਮਤ** ਕੀਤੀ। ਕਈ ਸੰਸਕਰਣਾਂ ਵਿਚ ਕਿਰਿਆ ਵਿਸ਼ੇਸ਼ਣ ''ਦਿਲ ਲਾ ਕੇ'' ਨਹੀਂ ਮਿਲਦਾ (RSV; NRSV; NAB; NJB; NEB; REB; TEV; ESV)।[16]

**ਆਇਤ 21. ਮਰੇਮੋਥ** ਦਾ ਨਾਂਅ ਦੂਜੀ ਵਾਰ ਆਇਆ ਹੈ (ਵੇਖੋ 3:4) ਆਉਂਦਾ ਅਤੇ ਅਤੇ ਉਸ ਨੂੰ **ਅਲਯਾਸ਼ੀਬ ਦੇ ਘਰ ਦੇ ਬੂਹੇ ਤੋਂ ਅਲਯਾਸ਼ੀਬ ਦੇ ਘਰ ਦੇ ਆਖ਼ਰ ਤਕ** ਦੀ ਮੁਰੰਮਤ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ।

**ਆਇਤ 22.** ਇਸ ਕੰਮ ਵਿਚ ਵਾਧੂ **ਜਾਜਕਾਂ** (3:1 ਅਤੇ 3:28 ਵਾਲੇ ਜਾਜਕਾਂ ਤੋਂ ਇਲਾਵਾ) ਹੱਥੀ ਮਿਹਨਤ ਕਰਕੇ ਮਦਦ ਕੀਤੀ। ਇਹ ਲੋਕ ''ਮਦਾਨ (*kikkar*, *ਕੀਕਰ*) ਤੋਂ ਸਨ। ਇਸ ਸ਼ਬਦ ਦਾ ਅਰਥ ''ਗੋਲ'' ਜਾਂ ''ਅੰਡਾਕਾਰ'' ਹੈ ਅਤੇ ਆਮ ਤੌਰ ਤੇ ਇਹ ਯਰਦਨ ਘਾਟੀ ਲਈ ਵਰਤਿਆ ਜਾਂਦਾ ਹੈ। ਇਹ ਸਮਝ ''ਮਦਾਨ [NASB ਵਿਚ ਘਾਟੀ – ਅਨੁਵਾਦਕ] ਦੇ ਮਨੁੱਖ'' ਅਨੁਵਾਦ ਤੋਂ ਝਲਕਦੀ ਹੈ (KJV; ASV; NKJV; RSV; ਵੇਖੋ NJPSV)। ਇਕ ਹੋਰ ਸੰਭਵਾਨਾ ਇਹ ਹੈ ਕਿ *ਕੀਕਾਰ* ਯਰੂਸ਼ਲਮ ਦੇ ''ਆਲੇ ਦੁਆਲੇ'' ਦੇ ਇਲਾਕੇ ਲਈ ਕਿਹਾ ਗਿਆ ਸੀ (NIV; NRSV; NCV; NLT; ESV; ਵੇਖੋ TEV; CEV; REB)। ਇਸ ਸਮਝ ਦਾ ਸਮਰਥਣ ਕਿਤਾਬ ਵਿਚ ਅੱਗੇ ''ਯਰੂਸ਼ਲਮ ਦੇ ਆਲੇ ਦੁਆਦੇ ਦੇ ਮਦਾਨ'' ਵਾਕ ਅੰਸ਼ ਵਿਚ ਸ਼ਬਦ ਦੀ ਵਰਤੋਂ ਤੋਂ ਮਿਲਦਾ ਹੈ (12:28)।

**ਆਇਤ 23. ਬਿਨਯਾਮੀਨ ਅਤੇ ਹਸ਼ੂਬ ਨੇ ਆਪਣੇ ਘਰ ਦੇ ਸਾਹਮਣੇ ਤਕ ਮੁਰੰਮਤ ਕੀਤੀ।** ਭਾਸ਼ਾ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਦੋਹਾਂ ਦਾ ਘਰ ਇੱਕੋ ਸੀ (ਵੇਖੋ ਮਰਕੁਸ 1:29)। **ਅਜ਼ਰਯਾਹ ਨੇ ਆਪਣੇ ਘਰ ਦੇ ਨਾਲ ਨਾਲ** ਕੰਮ ਕੀਤਾ। ਵੱਖੋ ਵੱਖ ਪੂਰਬਸਰਗਾਂ (''ਦੇ ਸਾਹਮਣੇ'' ਅਤੇ ''ਦੇ ਨਾਲ–ਨਾਲ'') ਸੁਝਾਅ ਦਿੰਦਾ ਹੈ ਕਿ ਇਹ ਘਰ ਵੱਖੋ ਵੱਖ ਦਿਸ਼ਾਵਾਂ ਵਿਚ ਆਮੋ ਸਾਹਮਣੇ ਸਨ ਜਾਂ ਇਕ ਘਰ ਨੁੱਕਰ ਤੇ ਸੀ।

**ਆਇਤ 24. ਬਿੰਨੂਈ** ਨੇ **ਦੂਜੇ ਹਿੱਸੇ** ਤੇ ਕੰਮ ਕੀਤਾ। **ਮੋੜ** ਅਤੇ **ਨੁੱਕਰ** ਭਾਵੇਂ ਅੱਜ ਦੇ ਪਾਠਕਾਂ ਲਈ ਸਪੱਸ਼ਟ ਨਾ ਹੋਣ ਪਰ ਇਹ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਨਹਮਯਾਹ ਨੂੰ ਆਪਣੇ ਮੂਲ ਪਾਠਕਾਂ ਤੋਂ ਇਹ ਸਮਝ ਲੈਣ ਦੀ ਉਮੀਦ ਸੀ ਕਿ ਉਸ ਕਿਹੜੀਆਂ ਕਿਹੜੀਆਂ ਥਾਂਵਾਂ ਦੀ ਗੱਲ ਕਰ ਰਿਹਾ ਹੈ (3:19 ਤੇ ਟਿੱਪਣੀਆਂ ਵੇਖੋ)।

**ਆਇਤ 25. ਪਲਾਲ** ਅਤੇ **ਪਦਾਯਾਹ** ਨੇ ਕੰਧ ਦੀ ਮੁਰੰਮਤ ਦਾ ਕੰਮ ਕੀਤਾ। ਖ਼ਾਸ ਕਰ ਪਲਾਲ ਨੇ **ਉਸ ਮੋੜ ਅਤੇ ਬੁਰਜ ਦੇ ਸਾਹਮਣੇ ਤੋਂ ਜੋ ਪਾਤਸ਼ਾਹ ਦੇ ਉੱਪਰਲੇ ਮਹਿਲ ਦੇ ਅੱਗੋਂ ਨਿੱਕਲਦਾ ਸੀ ਜਿਹੜਾ ਬੰਦੀ ਖ਼ਾਨੇ ਦੇ ਦਲਾਨ ਦੇ ਨਾਲ ਸੀ** ਤੇ ਕੰਮ ਕੀਤਾ। ''ਉੱਪਰਲੇ ਮਹਿਲ'' ਦੀ ਥਾਂ NASB ਵਿਚ ''ਉੱਪਰਲੇ ਘਰ'' ਹੈ। ਪੁਰਾਤੱਤਵ ਵਿਗਿਆਨੀਆਂ ਨੇ ਖੰਡਹਰਾਂ ਦਾ ਪਤਾ ਲਾਇਆ ਹੈ ਜਿਹੜੇ ਦਾਊਦ ਦਾ ਮਹਿਲ ਲਗਦੇ ਹਨ, ਜਿਹਦੇ ਦੋਵੇਂ ਪਾਸੇ ਦੋ ਬੁਰਜ ਸਨ। ਉਨ੍ਹਾਂ ਨੂੰ ਨਹਮਯਾਹ ਦੀ ਕੰਧ

ਦਾ ਇਕ ਛੋਟਾ ਹਿੱਸਾ ਵੀ ਮਿਲਿਆ ਹੈ। ਇਹ ਖ਼ੁਦਾਈਆਂ ਦਾਊਦ ਦੇ ਸ਼ਹਿਰ ਦੇ ਪੂਰਬ ਵੱਲ ਹੋਈਆਂ ਹਨ।[17] ਪੰਜ ਵਿਸ਼ੇਸ਼ਣ ਸ਼ਬਦ ''ਉੱਪਰਲੇ'' ਸੰਕੇਤ ਦੇ ਸਕਦਾ ਹੈ ਕਿ ਇਹ ਉਸ ਇਲਾਕੇ ਨੂੰ ਕਿਹਾ ਗਿਆ ਜਿੱਥੇ ਸੁਲੇਮਾਨ ਨੇ ਆਪਣਾ ਮਹਿਲ ਬਣਾਇਆ, ਜਿਹੜਾ ਓਫਲ ਤੇ ਅੱਗੇ ਉੱਤਰ ਵੱਲ ਸੀ।

**ਆਇਤਾਂ 26, 27.** ਹੋਰਨਾਂ ਕੰਮ ਕਰਨ ਵਾਲਿਆਂ ਵਿਚ **ਨਥੀਨੀਮ** (ਵੇਖੋ ਅਜ਼ਰਾ 2:43–54), **ਤਕੋਈਆਂ** (ਵੇਖੋ 3:5), ਅਤੇ **ਜਾਜਕਾਂ** ਦੇ ਨਾਂਅ ਸ਼ਾਮਿਲ ਹਨ। **ਓਫਲ** ਦਾ ਸਬੰਧ ''ਹੈਕਲ ਦੀ ਪਹਾੜੀ ਦੇ ਸ਼ੁਰੂ'' ਨਾਲ ਸੀ।[18] ਕਹਾਣੀ ਵਿਚ ਅੱਗੇ **ਜਲ ਫਾਟਕ** ਬਾਰੇ ਅਜ਼ਰਾ ਦੇ ਲੋਕਾਂ ਨੂੰ ਵਿਵਸਥਾ ਪੜ੍ਹ ਕੇ ਸੁਣਾਏ ਜਾਣ ਦੇ ਸਬੰਧ ਵਿਚ ਵਿਖਾਇਆ ਗਿਆ ਹੈ (8:1)। ਇਸ ਫਾਟਕ ਨਾਲ ਕਿਦਰੋਨ ਘਾਟੀ ਵਿਚ ਗੇਹੋਨ ਚਸ਼ਮੇ ਤਕ ਪਹੁੰਚ ਆਉਂਦੀ ਹੋਵੇਗੀ।

## **ਪੂਰਬੀ ਕੰਧ** (3:28-32)

**[28]ਘੋੜ ਫਾਟਕ ਦੇ ਉੱਤੇ ਤੋਂ ਲੈ ਕੇ ਜਾਜਕਾਂ ਨੇ ਅਰਥਾਤ ਹਰ ਮਨੁੱਖ ਨੇ ਆਪਣੇ ਆਪਣੇ ਘਰ ਦੇ ਅੱਗੇ ਮੁਰੰਮਤ ਕੀਤੀ [29]ਉਨ੍ਹਾਂ ਦੇ ਮਗਰੋਂ ਇੰਮੇਰ ਦੇ ਪੁੱਤਰ ਸਾਦੋਕ ਨੇ ਆਪਣੇ ਘਰ ਦੇ ਅੱਗੇ ਮੁਰੰਮਤ ਕੀਤੀ, ਅਤੇ ਉਸ ਦੇ ਮਗਰੋਂ ਪੂਰਬੀ ਫਾਟਕ ਦੇ ਰਾਖੇ ਸਕਨਯਾਹ ਦੇ ਪੁੱਤਰ ਸਮਆਯਾਹ ਨੇ ਮੁਰੰਮਤ ਕੀਤੀ [30]ਉਹ ਦੇ ਮਗਰੋਂ ਸਲਮਯਾਹ ਦੇ ਪੁੱਤਰ ਹਨੱਨਯਾਹ ਅਤੇ ਹਾਨੂਨ ਨੇ ਜਿਹੜਾ ਸਾਲਾਫ ਦਾ ਛੇਵਾਂ ਪੁੱਤਰ ਸੀ ਦੂਜੇ ਹਿੱਸੇ ਦੀ ਮੁਰੰਮਤ ਕੀਤੀ। ਉਹ ਦੇ ਮਗਰੋਂ ਬਰਕਯਾਹ ਦੇ ਪੁੱਤਰ ਮਸ਼ੁੱਲਾਮ ਨੇ ਆਪਣੀ ਕੋਠੜੀ ਦੇ ਅੱਗੇ ਮੁਰੰਮਤ ਕੀਤੀ [31]ਉਹ ਦੇ ਮਗਰੋਂ ਸਰਾਫ ਦੇ ਪੁੱਤਰ ਮਲਕੀਯਾਹ ਨੇ ਨਥੀਨੀਮ ਅਤੇ ਬਪਾਰੀਆਂ ਦੇ ਘਰ ਤੀਕ ਮਿਫਕਾਦ ਦੇ ਫਾਟਕ ਦੇ ਸਾਹਮਣੇ ਅਤੇ ਉੱਪਰ ਦੀ ਕੋਠੜੀ ਦੀ ਨੁੱਕਰ ਤੱਕ ਮੁਰੰਮਤ ਕੀਤੀ [32]ਅਤੇ ਉੱਪਰ ਦੀ ਕੋਠੜੀ ਦੀ ਨੁੱਕਰ ਤੋਂ ਭੇਡ ਫਾਟਕ ਦੇ ਵਿੱਚਾਲੇ ਸਰਾਫਾਂ ਅਤੇ ਬਪਾਰੀਆਂ ਨੇ ਮੁਰੰਮਤ ਕੀਤੀ।**

**ਆਇਤ 28.** ਅਨਾਮ **ਜਾਜਕਾਂ** ਨੇ **ਘੋੜ ਫਾਟਕ ਦੇ ਉੱਤੇ** ਦਾ ਜ਼ਰੂਰੀ ਕੰਮ ਪੂਰਾ ਕੀਤਾ। ਇਸ ਫਾਟਕ ਦਾ ਨਾਂਅ ਇਸ ਤੱਥ ਤੋਂ ਨਿੱਕਲਿਆ ਕਿ ਇੱਥੋਂ ਸ਼ਹਿਰ ਵਿਚ ਵੜਨ ਵਾਲੇ ਘੋੜੇ (ਵੇਖੋ ਯਿਰਮਿਯਾਹ 31:40), ਰਾਜੇ ਦੇ ਮਹਿਲ ਤਕ ਜਾ ਸਕਦੇ ਸਨ (ਵੇਖੋ 2 ਰਾਜਿਆਂ 11:16; 2 ਇਤਹਾਸ 23:15[19])। ਘੋੜ ਫਾਟਕ ਹੈਕਲ ਦੇ ਪਹਾੜ ਦੇ ਦੱਖਣ ਪੂਰਬੀ ਖੂੰਜੇ ਦੇ ਨੇੜੇ ਹੋਵੇਗਾ। **ਹਰ ਮਨੁੱਖ ਨੇ ਆਪਣੇ ਆਪਣੇ ਘਰ ਦੇ ਅੱਗੇ** ਵਾਕ ਅੰਸ਼ ਸੰਕੇਤ ਦਿੰਦਾ ਹੈ ਕਿ ਯਾਜਕ ਹੈਕਲ ਦੇ ਨੇੜੇ ਰਹਿੰਦੇ ਸਨ।

**ਆਇਤ 29. ਉਨ੍ਹਾਂ ਦੇ ਮਗਰੋਂ . . . ਸਾਦੋਕ ਨੇ ਆਪਣੇ ਘਰ ਦੇ ਅੱਗੇ ਮੁਰੰਮਤ ਕੀਤੀ।** ਇਹ ਸਾਦੋਕ 3:4 ਵਿਚ ਦੱਸੇ ਗਏ ਆਦਮੀ ਨਾਲੋਂ ਫ਼ਰਕ ਹੈ (**ਇੰਮੇਰ ਦੇ ਪੁੱਤ੍ਰ**)। **ਸਮਆਯਾਹ** ਜਿਹਨੂੰ **ਪੂਰਬੀ ਫਾਟਕ ਦੇ ਰਾਖੇ** ਵਜੋਂ ਦੱਸਿਆ ਗਿਆ ਹੈ, ਨੇ ਵੀ **ਮੁਰੰਮਤ ਕੀਤੀ**। ਗੇਟਕੀਪਰ ਜਾਂ ਫਾਟਕਾਂ ਦੇ ਰਾਖੇ ਪਹਿਰੇਦਾਰਾਂ ਦਾ ਕੰਮ ਕਰਦੇ ਸਨ ਜਿਹੜੇ ਅੰਦਰ ਜਾਣ ਦੀ ਇਜਾਜ਼ਤ ਦਿੰਦੇ ਜਾਂ ਇਨਕਾਰ ਕਰਦੇ ਸਨ, ਜਿਸ ਨਾਲ ਲੋਕਾਂ ਨੂੰ ਸੁਰੱਖਿਆ ਮਿਲਦੀ ਸੀ। ਕਈਆਂ ਦਾ ਵਿਚਾਰ ਹੈ ਕਿ ''ਪੂਰਬੀ ਫਾਟਕ'' ਹੈਕਲ ਦੀ ਅੰਦਰੂਨੀ ਵਲਗਨ ਦੇ ਪੂਰਬ ਵੱਲ ਦੇ ਫਾਟਕ ਨੂੰ ਕਿਹਾ ਗਿਆ ਹੈ। ਪਰ ਹੋਰਨਾਂ ਨੇ ਇਸ ਨੂੰ ਹੈਕਲ ਦੇ ਪਹਾੜ ਦੀ ਪੂਰਬੀ ਕੰਧ ਦੇ ਨਾਲ ਲਗਦੇ ਫਾਟਕ ਵਜੋਂ ਪਛਾਣਿਆ ਹੈ, ਸ਼ਾਇਦ ਜਿੱਥੇ ਅੱਜ ਸੁਨਹਿਰੀ ਫਾਟਕ ਹੈ।

**ਆਇਤ 30. ਹਨੱਨਯਾਹ ਅਤੇ ਹਾਨੂਨ ਨੇ . . . ਦੂਜੇ ਹਿੱਸੇ ਦੀ ਮੁਰੰਮਤ ਕੀਤੀ। ਬਰਕਯਾਹ ਦੇ ਪੁੱਤਰ ਮਸ਼ੁੱਲਾਮ** ਬਾਰੇ ਇੱਥੇ ਅਸੀਂ ਦੂਜੀ ਵਾਰ ਪੜ੍ਹਦੇ ਹਾਂ (ਵੇਖੋ 3:4)। ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿਉਂ ਜੋ ਕੰਧਾਂ ਦੀ ਮੁਰੰਮਤ ਦੇ ਵੇਰਵੇ ਨੇ ਪਾਠਕ ਨੂੰ ਲਗਭਗ ਸਾਰਾ ਯਰੂਸ਼ਲਮ ਘੁਮਾ ਦਿੱਤਾ ਹੈ। ਇੱਥੇ ਦੱਸੀ ਗਈ ਥਾਂ ਤੁਲਨਾਤਮਕ ਤੌਰ ਤੇ ਆਇਤ 4 ਵਿਚ ਦੱਸੇ ਕੰਧ ਦੇ ਇਲਾਕੇ ਨਾਲੋਂ ਨੇੜੇ ਸੀ।

ਇਹ ਉਸਦੀ **ਆਪਣੀ ਕੋਠੜੀ** ਤੋਂ ਅੱਗੇ ਸੀ। ਇਬਰਾਨੀ ਸ਼ਬਦ (*nishkah*, *ਨਿਸ਼ਕਾਹ*) ਤੋਂ ਸੁਝਾਅ ਮਿਲ ਸਕਦਾ ਹੈ ਕਿ ''ਹੈਕਲ ਵਿਚ ਰਹਿਣ ਵਾਲੇ ਲੋਕਾਂ ਵਾਂਗ ਮਸ਼ੁੱਲਾਮ ਨੂੰ ਕੋਈ ਸਰਕਾਰੀ ਕੋਠੜੀ'' (ਤੁਲਨਾ ਅਜ਼ਰਾ 10:6; ਨਹਮਯਾਹ 12:44; 13:4–9)''[20] ਮਿਲੀ ਹੋਈ ਸੀ।

**ਆਇਤ 31.** ਆਪਣੇ ਕਿੱਤੇ ਕਰਕੇ ਇਸ ਸੂਚੀ ਵਿਚ ਇਹ **ਮਲਕੀਯਾਹ** ਇਸੇ ਨਾਂਅ ਵਾਲੇ ਹੋਰਨਾਂ ਲੋਕਾਂ ਨਾਲੋਂ ਫ਼ਰਕ (3:11, 14) ਹੈ, ਕਿਉਂ ਜੋ ਉਹ **ਸਰਾਫ** ਦਾ **ਪੁੱਤਰ** ਸੀ। ਪੱਛਮੀ ਕੰਧ ਦੇ ਸਬੰਧ ਵਿਚ ਹੋਰਨਾਂ ''ਸਰਾਫਾਂ'' ਦਾ ਜ਼ਿਕਰ ਪਹਿਲਾਂ ਆਇਆ ਸੀ (3:8)। ਉਸ ਨੇ **ਨਥੀਨੀਮ ਅਤੇ ਬਪਾਰੀਆਂ ਦੇ ਘਰ ਤੀਕ** ਪੂਰਬੀ ਕੰਧ ਤੇ ਮੁਰੰਮਤ ਦਾ ਕੰਮ ਪੂਰਾ ਕੀਤਾ। ਇਹ **ਮਿਫਕਾਦ ਦੇ ਫਾਟਕ ਦੇ ਸਾਹਮਣੇ ਅਤੇ ਉੱਪਰ ਦੀ ਕੋਠੜੀ ਦੀ ਨੁੱਕਰ ਤੱਕ** ਸੀ। ''ਮਿਫਕਾਦ'' (KJV; NKJV) ਜਾਂ ''ਹਮਿਫਕਾਦ'' (ASV) ਇਬਰਾਨੀ ਸ਼ਬਦ ਦਾ ਲਿਪਅੰਤਰਣ ਹੈ, ਜਿਸ ਦਾ NASB ਵਿਚ ਅਨੁਵਾਦ ''ਨਿਰੀਖਣ'' ਕੀਤਾ ਗਿਆ ਹੈ। ਹੋਰਨਾਂ ਸੰਸਕਰਣਾਂ ਵਿਚ ਇਸ ਦਾ ਅਨੁਵਾਦ ''ਹਾਜ਼ਰੀ'' (NRSV; ESV; NJPSV) ਜਾਂ ''ਹਾਜ਼ਰੀ ਲਾਉਣਾ (NEB; REB) ਕੀਤਾ ਗਿਆ ਹੈ ਜੋ ਇਹ ਸੁਝਾਅ ਦਿੰਦਾ ਹੈ ਕਿ ਗਾਰਦ ਜਾਂ ਸਿਪਾਹੀ ਇਸ ਫਾਟਕ ਤੇ ਇਕੱਠੇ ਹੁੰਦੇ ਸਨ। ਇਹ 12:39 ਵਾਲੇ ''ਬੰਦੀ ਖਾਨੇ ਦੇ ਫਾਟਕ'' ਨਾਲ ਮਿਲਦਾ ਹੋ ਸਕਦਾ ਹੈ। ਕਈਆਂ ਨੇ ਨਿਰੀਖਣ ਫਾਟਕ ਨੂੰ ਭੇਡ ਫਾਟਕ ਦੀ ਬਜਾਇ ਅਸੀਰੀ ਤੋਂ ਪਹਿਲਾਂ ਦੇ ਬਿਨਯਾਮੀਨ ਫਾਟਕ ਨਾਲ ਮਿਲਾਇਆ ਹੈ (3:1 ਤੇ ਟਿੱਪਣੀਆਂ ਵੇਖੋ)। ਇਹ ਪੂਰਬੀ ਕੰਧ ਦੇ ਨਾਲ ਨਾਲ ਉੱਤਰ ਵੱਲ ਦਾ ਪ੍ਰਵੇਸ਼ ਦੁਆਰ ਸੀ।

**ਆਇਤ 32.** **ਉੱਪਰ ਦੀ ਕੋਠੜੀ ਦੀ ਨੁੱਕਰ** ਸੰਭਵ ਤੌਰ ਤੇ ਬਣਾਈ ਗਈ ਬੁਰਜ ਚੌਂਕੀ ਹੋਵੇਗਾ ਜਿੱਥੇ ਪੂਰਬੀ ਅਤੇ ਉੱਤਰੀ ਕੰਧਾਂ ਮਿਲਦੀਆਂ ਸਨ। ਇਸ ਥਾਂ ਅਤੇ ਉੱਤਰੀ ਕੰਧ ਦੇ **ਭੇਡ ਫਾਟਕ** ਦੇ ਵਿਚਕਾਰ **ਸਰਾਫਾ ਅਤੇ ਵਪਾਰੀਆਂ ਨੇ ਮੁਰੰਮਤ ਕੀਤੀ**। ਇਹ ਉਹ ਇਲਾਕਾ ਹੋਵੇਗਾ ਜਿੱਥੇ ਉਹ ਆਪਣਾ ਸਮਾਨ ਵੇਚਦੇ ਸਨ (3:8 ਤੇ ਟਿੱਪਣੀਆਂ ਵੇਖੋ)।

ਅਧਿਆਇ ਨੂੰ ਸੰਖੇਪ ਕਰਦਿਆਂ ਐਡਵਿਨ ਐੱਮ. ਯਾਮੋਚੀ ਨੇ ਇਕਤਾਲੀ ਲੋਕਾਂ ਦੇ ਨਾਂਅ ਗਿਣੇ ਹਨ ਜਿਨ੍ਹਾਂ ਨੇ ਕੰਧ ਦੇ ਬਤਾਲੀ ਹਿੱਸਿਆਂ ਨੂੰ ਬਣਾਉਣ ਵਿਚ ਯੋਗਦਾਨ ਦਿੱਤਾ, ਜਦ ਕਿ ਕੁੱਲ ਦਸ ਫਾਟਕਾਂ ਦੇ ਨਾਂਅ ਦਿੱਤੇ ਗਏ ਹਨ। ਪੱਕਾ ਪਤਾ ਨਹੀਂ ਹੈ ਕਿ ਨਹਮਯਾਹ ਦੇ ਸਮੇਂ ਯਰੂਸ਼ਲਮ ਦੀ ਹੱਦ ਕਿੰਨੀ ਸੀ ਪਰ ਅੰਦਾਜ਼ੇ $2^1/_2$ ਮੀਲ ਤੋਂ ਵੱਧ ਨਹੀਂ ਹਨ।[21]

## ਪ੍ਰਾਸੰਗਿਕਤਾ

### ਇਕ ਇਤਿਹਾਸਿਕ ਪ੍ਰਾਪਤੀ (ਅਧਿਆਇ 3)

ਅੱਜ ਦੇ ਪਾਠਕ ਦਾ ਇਸ ਅਧਿਆਇ ਬਾਰੇ ਪਹਿਲਾ ਸਵਾਲ ਇਹ ਹੁੰਦਾ ਹੈ ਕਿ ''ਇਹ ਉੱਥੇ ਕਿਉਂ ਹੈ?'' ਨਹਮਯਾਹ ਨੇ ਐਨੀਆ ਨਿਗੂਣੀਆਂ ਲੱਗਣ ਵਾਲੀਆਂ ਇਹ ਗੱਲਾਂ ਲਿਖਣ ਲਈ ਮਗਜ਼ ਕਿਉਂ ਖਪਾਇਆ? ਨਹਮਯਾਹ ਦਾ ਮਕਸਦ ਦੋਹਰਾ ਹੋਵੇਗਾ। ਉਹ ਇਸ ਮਹੱਤਵਪੂਰਣ ਪ੍ਰਾਪਤੀ ਲਈ ਜ਼ਿੰਮੇਵਾਰ ਲੋਕਾਂ ਦੀ ਅਗਲੀ ਪੀੜ੍ਹੀ ਲਈ ਲਿਖ ਰਿਹਾ ਸੀ ਅਤੇ ਇਸ ਇਤਹਾਸਕ ਵਰਣਨ ਦੀਆਂ ਗੱਲਾਂ ਨਾਲ ਉਸਦੇ ਪਾਠਕਾਂ ਨੂੰ ਖ਼ੁਦਾ ਦਾ ਕੰਮ ਪੂਰਾ ਕਰਨ ਲਈ ਇਕ ਹੋਣ ਦੀ ਦਲੇਰੀ ਮਿਲਣੀ ਚਾਹੀਦੀ ਹੈ।

ਨਹਮਯਾਹ ਯਹੂਦਾਹ ਦੇ ਪੁਰਾਲੇਖਾਂ ਲਈ ਇਤਿਹਾਸਿਕ ਵਿਰਤਾਂਤ ਲਿਖ ਰਿਹਾ ਸੀ; ਉਹ ਉਨ੍ਹਾਂ ਲੋਕਾਂ ਨੂੰ ਉਸ ਕੰਮ ਲਈ ਜਿਹੜਾ ਉਨ੍ਹਾਂ ਨੇ ਯਹੂਦਾਹ ਦੇ ਇਤਹਾਸ ਦੇ ਇਸ ਨਾਜ਼ੁਕ ਕਾਲ ਵਿਚ ਕੀਤਾ ਸੀ, ਸਿਹਰਾ ਦੇਣਾ ਚਾਹੁੰਦਾ ਸੀ। ਅਗਲੇ ਸਾਲਾਂ ਵਿਚ ਜਦ ਬੱਚਿਆਂ ਨੇ ਯਰੂਸ਼ਲਮ ਦੀਆਂ ਕੰਧਾਂ ਨੂੰ ਵੇਖ ਕੇ ਪੁੱਛਦੇ ਕਿ ''ਇਸ ਨੂੰ ਕਿਸ ਨੇ ਬਣਾਇਆ?'' ਤਾਂ ਨਹਮਯਾਹ ਦੇ ਦਸਤਾਵੇਜ਼ ਨੇ ਉਨ੍ਹਾਂ ਦੇ

ਸਵਾਲ ਦਾ ਜਵਾਬ ਦੇਣਾ ਸੀ।

ਪਰ ਇਹ ਵੀ ਸੰਭਵ ਲਗਦਾ ਹੈ ਕਿ ਨਹਮਯਾਹ (ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ) ਤਜਰਬੇ ਤੋਂ ਅਗਲੀਆਂ ਪੀੜ੍ਹੀਆਂ ਲਈ ਦਲੇਰੀ ਦੇਣ ਵਾਲਾ ਸਬਕ ਅੱਗੇ ਦੇਣਾ ਚਾਹੁੰਦਾ ਸੀ। ਸ਼ਾਇਦ ਉਹ ਆਪਣੇ ਪਾਠਕਾਂ ਨੂੰ ਇਸ ਤੱਥ ਦੀ ਸਮਝ ਦੁਆਉਣਾ ਚਾਹੁੰਦਾ ਸੀ ਕਿ ਕੰਧ ਦਾ ਬਣਨਾ ਇਕ ਸਹਿਕਾਰੀ ਕਾਰਜ ਸੀ, ਜਿਸ ਵਿਚ ਯਹੂਦਾਹ ਦੇ ਬਹੁਤੇ ਲੋਕ ਸ਼ਾਮਿਲ ਸਨ।

ਲੋਕ ਕੰਧਾਂ ਨੂੰ ਕਿਵੇਂ ਬਣਾ ਸਕੇ? ਵਚਨ ਇਸ ਸਵਾਲ ਦੇ ਤਿੰਨ ਜਵਾਬ ਦਿੰਦਾ ਹੈ।

*ਸਿਆਣੀ ਲੀਡਰਸ਼ਿਪ।* ਕੰਧ ਸਿਆਣੀ ਲੀਡਰਸ਼ਿਪ ਨਾਲ ਬਣੀ। ਨਹਮਯਾਹ ਨੇ ਲੋਕਾਂ ਨੂੰ ਕੰਮ ਵਿਚ ਉਹਦੇ ਨਾਲ ਜੁੜਨ ਲਈ ਪ੍ਰੇਰਿਤ ਅਤੇ ਦਲੇਰ ਕਰਦਿਆਂ ਆਪਣੀ ਸਮਝਦਾਰੀ ਵਿਖਾਈ (2:17, 18)। ਉਸ ਨੇ ਇਹ ਪੱਕਾ ਕੀਤਾ ਕਿ ਕੰਮ ਦਾ ਹਰ ਹਿੱਸਾ ਕਿਸੇ ਨਾ ਕਿਸੇ ਨੂੰ ਸੌਂਪ ਦਿੱਤਾ ਜਾਵੇ; ਇਸ ਲਈ ਕੰਧ ਦੇ ਹਰ ਭਾਗ ਨੂੰ ਵਚਨ ਵਿਚ ਵਿਖਾਇਆ ਗਿਆ ਹੈ। ਨਾਲੇ ਉਸ ਨੇ ਲੋਕਾਂ ਨੂੰ ਉਨ੍ਹਾਂ ਥਾਂਵਾਂ ਤੇ ਹੀ ਕੰਮ ਵਿਚ ਲਾਇਆ ਜਿਨ੍ਹਾਂ ਦੀ ਉਨ੍ਹਾਂ ਵਿਚ ਸਭ ਤੋਂ ਵੱਧ ਦਿਲਚਸਪੀ ਸੀ।[22] ਅਧਿਆਇ ਵਿਚ ਕਈ ਵਾਰ ਕਿਹਾ ਗਿਆ ਹੈ ਕਿ ਲੋਕਾਂ ਨੇ ਆਪਣੇ ਘਰਾਂ ਜਾਂ ਕੋਠੜੀਆਂ ''ਦੇ ਅੱਗੇ,'' ਉਸ ''ਦੇ ਸਾਹਮਣੇ'' ਬਣਾਇਆ (ਵੇਖੋ 3:10, 23, 28, 29, 30)। ਇਸ ਜੁਗਤ ਨਾਲ ਬਣਾਉਣ ਵਾਲਿਆਂ ਨੂੰ ਕੰਧ ਦੇ ਉਸ ਹਿੱਸੇ ਨੂੰ ਹਰ ਸੰਭਵ ਮਜ਼ਬੂਤ ਬਣਾਉਣ ਦੀ ਪ੍ਰੇਰਣਾ ਦਿੱਤੀ।

*ਵਿਸਤ੍ਰਿਤ ਯੋਗਦਾਨ।* ਕੰਧ ਲੋਕਾਂ ਦੀ ਵੱਡੀ ਗਿਣਤੀ ਦੇ ਯੋਗਦਾਨ ਮਿਲਣ ਨਾਲ ਬਣੀ। ਅਧਿਆਇ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਜ਼ਿੰਦਗੀ ਦੇ ਹਰ ਖੇਤਰ ਦੇ ਲੋਕਾਂ ਨੇ ਇਸ ਕੰਮ ਨੂੰ ਕਰਨ ਵਿਚ ਮਦਦ ਕੀਤੀ।

1. ਨਥੀਨੀਮ ਅਤੇ ਆਮ ਲੋਕ। ਹੈਕਲ ਵਿਚ ਸੇਵਾ ਕਰਨ ਲਈ ਯਹੋਵਾਹ ਵੱਲੋਂ ਅੱਡ ਕੀਤੇ ਗਏ ਲੋਕ (ਨਥੀਨੀਮ) ਅਤੇ ਬਾਕੀ ਸਭ ਯਹੂਦੀਆਂ ਨੇ ਮਿਹਨਤ ਕਰਨ ਵਿਚ ਹੱਥ ਪਾਇਆ। ਜਿਨ੍ਹਾਂ ਦੇ ਨਾਂਅ ਦਿੱਤੇ ਗਏ ਹਨ ਉਨ੍ਹਾਂ ਵਿੱਚੋਂ ਬਹੁਤੇ ਆਮ ਲੋਕ ਸਨ, ਪਰ ਵਚਨ ਇਹ ਦੱਸਦਾ ਹੈ ਕਿ ''ਜਾਜਕ'' (ਅਲਯਾਸ਼ੀਬ ਸਰਦਾਰ ਯਾਜਕ ਸਣੇ; 3:1, 21, 22, 28), ''ਲੇਵੀਆਂ'' (3:17), ਅਤੇ ''ਨਥੀਨੀਮਾਂ'' (3:26) ਨੇ ਵੀ ਕੰਧ ਨੂੰ ਬਣਾਉਣ ਲਈ ਕੰਮ ਕੀਤਾ।

2. ਯਰੂਸ਼ਲਮ ਦੇ ਵਾਸੀ ਅਤੇ ਕੁਝ ਜਿਹੜੇ ਯਰੂਸ਼ਲਮ ਦੇ ਬਾਹਰੋਂ ਉੱਥੇ ਰਹਿੰਦੇ ਸਨ। ਅਧਿਆਇ ਵਿਚ ਬਹੁਤ ਸਾਰੇ ਲੋਕ ਯਰੂਸ਼ਲਮ ਵਿਚ ਰਹਿੰਦੇ ਸਨ ਅਤੇ ਉਨ੍ਹਾਂ ਨੇ ਆਪਣੇ ਘਰਾਂ ਦੇ ਨੇੜੇ ਨੇੜੇ ਕੰਧ ਦੇ ਬਣਾਉਣ ਦਾ ਕੰਮ ਕੀਤਾ। ਪਰ ਇਹ ਵੀ ਸਾਫ਼ ਹੈ ਕਿ ਕੰਮ ਕਰਨ ਵਾਲਿਆਂ ਵਿੱਚੋਂ ਕੁਝ ਲੋਕ ਯਹੂਦਾਹ ਤੋਂ ਬਾਹਰਲੇ ਸ਼ਹਿਰਾਂ ਤੋਂ ਆਏ ਸਨ। ਯਰੀਹੋ (3:2), ਤਕੋਆ (3:5), ਗਿਬਓਨ ਅਤੇ ਮਿਸਪਾਹ (3:7), ਜ਼ਾਨੋਆਹ (3:13), ਬੈਤਸੂਰ (3:16) ਅਤੇ ਕਈਲਾਹ (3:17, 18) ਦੇ ਲੋਕਾਂ ਦੇ ਨਾਲ ਨਾਲ ਯਰੂਸ਼ਲਮ ਦੇ ਆਲੇ ਦੁਆਲੇ ਦੇ ਯਾਜਕਾਂ ਨੇ ਵੀ ਕੰਧ ਦੀ ਮੁਰੰਮਤ ਕਰਨ ਵਿਚ ਮਦਦ ਕੀਤੀ (3:22)। ਇਸ ਤੱਥ ਤੋਂ ਇਹ ਤਸੱਲੀ ਹੁੰਦੀ ਹੈ ਕਿ ਕੰਧ ਦਾ ਬਣਾਇਆ ਜਾਣਾ ਯਰੂਸ਼ਲਮ ਦੇ ਲੋਕਾਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਨਾਲੋਂ ਕਿਤੇ ਵਧ ਕੇ ਸੀ। ਤਕੋਆ ਦੇ ਲੋਕਾਂ ਨੇ (ਉਦਾਹਰਣ ਲਈ) ਦੁਸ਼ਮਣ ਦੇ ਹਮਲੇ ਤੋਂ ਬਚਾਅ ਲਈ ਯਰੂਸ਼ਲਮ ਦੇ ਵਾਸੀਆਂ ਦੀ ਮਦਦ ਵਾਸਤੇ ਨਿਰਸੁਆਰਥ ਢੰਗ ਨਾਲ ਸਵੈ-ਸੇਵਾ ਤਾਂ ਕੀਤੀ ਹੀ ਹੋਵੇਗੀ, ਪਰ ਇਹ ਸੰਭਾਵਨਾ ਬਹੁਤੀ ਸੀ ਕਿ ਉਨ੍ਹਾਂ ਨੂੰ ਯਰੂਸ਼ਲਮ ਦੀ ਸੰਭਾਲ ਦੀ ਬਹੁਤ ਚਿੰਤਾ ਸੀ। ਸ਼ਹਿਰ ਹਰ ਯਹੂਦੀ ਲਈ ਬੇਸ਼ਕੀਮਤੀ ਹੈ ਅਤੇ ਦੇਸ਼ ਦੀ ਰੱਖਿਆ ਅਤੇ ਅਜ਼ਾਦੀ ਲਈ ਵੀ ਜ਼ਰੂਰੀ ਸੀ। ਯਹੂਦੀਆਂ ਲਈ ਯਰੂਸ਼ਲਮ ਦੀ ਸਭ ਤੋਂ ਵੱਡੀ ਭੂਮਿਕਾ, ਖ਼ੁਦਾ ਦੀ ਹੈਕਲ ਦਾ ਥਾਂ, ਉਨ੍ਹਾਂ ਦੀ ਕੌਮ ਅਤੇ ਉਨ੍ਹਾਂ ਦੇ ਧਰਮ ਦੇ ਨਿਸ਼ਾਨ ਦੇ ਰੂਪ ਵਿਚ ਕੰਮ ਕਰਨਾ ਸੀ।

3. ''ਪਤਵੰਤੇ'' ਅਤੇ ਆਮ ਲੋਕ। ਦੇਸ਼ ਦੇ ਹਰ ਇਲਾਕੇ ਦੇ ਯਹੂਦੀ ਆਗੂਆਂ ਨੇ ਕੰਮ ਵਿਚ

ਮਦਦ ਕੀਤੀ। ਇਨ੍ਹਾਂ ਵਿਚ ''ਸਰਦਾਰ ਜਾਜਕ'' (3:1) ਅਤੇ ਯਹੂਦਾਹ ਦੇ ਅੱਧੇ ਇਲਾਕੇ ਦੇ ਸਰਦਾਰ ਸ਼ਾਮਿਲ ਸਨ (3:9, 12, 14–19)। ਪਰ ਵਚਨ ਕੁਝ ਥਾਂਵਾਂ ਦੇ ''ਮਨੁੱਖਾਂ'' ਦੀ ਵੀ ਗੱਲ ਕਰਦਾ ਹੈ (ਜਿਵੇਂ ਯਰੀਹੋ ਦੇ; 3:2) ਅਤੇ ਹੋਰਨਾਂ ਲੋਕਾਂ ਦੇ ਨਾਂਅ ਦੱਸਦਾ ਹੈ ਜੋ ਕੰਧ ਦੇ ਹਿੱਸਿਆਂ ਦੀ ਮੁਰੰਮਤ ਵਿਚ ਉਨ੍ਹਾਂ ਦੇ ਸਹਿਯੋਗ ਵਿਚ ਅਗਵਾਈ ਜਾਂ ਕੰਮ ਕਰਨ ਲਈ ਸੇਵਾ ਕਰਨ ਵਾਲੇ ਆਮ ਲੋਕ ਹੋਣਗੇ ਜਿਨ੍ਹਾਂ ਦੀ ਪਛਾਣ ਰਹਿ ਸਕਦੀ ਸੀ।

4. ਪਰਿਵਾਰਾਂ ਦੇ ਲੋਕ। ਕੰਧ ਦੇ ਕਈ ਭਾਗਾਂ ਦੀ ਮੁਰੰਮਤ ਕਰਨ ਵਾਲੇ ਲੋਕਾਂ ਨੇ ਆਪਣੇ ਘਰ ਦੇ ਲੋਕਾਂ ਦੀ ਮਦਦ ਲਈ। ਕੁਝ ਮਾਮਲਿਆਂ ਵਿਚ ਵਚਨ ਦੱਸਦਾ ਹੈ ਕਿ ਰਿਸ਼ਤੇਦਾਰਾਂ ਨੇ ਮਿਲ ਕੇ ਕੰਮ ਕੀਤਾ। ਇਕ ਆਦਮੀ ਦੇ ''ਪੁੱਤਰਾਂ'' ਨੇ ਕੰਧ ਦੇ ਇਕ ਖ਼ਾਸ ਹਿੱਸੇ ਤੇ ਕੰਮ ਕੀਤਾ (3:3), ਅਤੇ ''ਭਰਾਵਾਂ'' ਦੇ ਇਕ ਸਮੂਹ ਨੇ ਇਕ ਦੂਜੇ ਹਿੱਸੇ ਦੀ ''ਮੁਰੰਮਤ ਕੀਤੀ'' (3:18)।

5. ਆਦਮੀ ਅਤੇ ਔਰਤਾਂ। ਇਕ ਪਿਤਾ ''ਅਤੇ ਉਸ ਦੀਆਂ ਧੀਆਂ ਨੇ ਮੁਰੰਮਤ ਕੀਤੀ'' (3:12)। ਇਹਦਾ ਮਤਲਬ ਇਹ ਹੋਇਆ ਕਿ ਵਚਨ ਵਿਚ ਭਾਵੇਂ ਆਦਮੀਆਂ ਦੇ ਹੀ ਨਾਂਅ ਆਏ ਹਨ ਪਰ ਕੰਧ ਬਣਾਉਣ ਵਿਚ ਔਰਤਾਂ ਨੇ ਵੀ ਕੰਮ ਕੀਤਾ।

6. ਵੱਖੋ-ਵੱਖ ਕਿਤਿਆਂ ਵਾਲੇ ਲੋਕ। ਯਾਜਕਾਂ, ਲੇਵੀਆਂ ਅਤੇ ਹੈਕਲ ਦੇ ਸੇਵਾਦਾਰਾਂ (ਨਥੀਨੀਮਾਂ) ਤੋਂ ਇਲਾਵਾ ਅਧਿਆਇ ''ਸਰਾਫ਼ਾਂ'' ਦੇ ''ਅਤਾਰਾਂ'' ਅਤੇ ''ਵਪਾਰੀਆਂ'' ਦੀ ਗੱਲ ਕਰਦਾ ਹੈ (3:8, 31, 32)। ਇਹ ਸਭ ਲੋਕ ਉਨ੍ਹਾਂ ਵਿਚ ਸ਼ਾਮਿਲ ਸਨ ਜਿਨ੍ਹਾਂ ਨੇ ਕੰਧ ਦੇ ਸਫ਼ਲਤਾ ਨਾਲ ਪੂਰਾ ਹੋਣ ਵਿਚ ਮਦਦ ਕੀਤੀ।

*ਸਵੈ-ਸੇਵਕ।* ਕੰਧ ਬਣਾਈ ਜਾ ਸਕੀ ਕਿਉਂ ਜੋ ਲੋਕਾਂ ਨੇ ਸਵੈ-ਇੱਛਾ ਨਾਲ ਆਪਣਾ ਸਮਾਂ, ਯੋਗਤਾਵਾਂ ਅਤੇ ਉੱਦਮ ਇਸ ਕੰਮ ਲਈ ਲਾਇਆ। ਇਹ ਗੱਲ ਹੋਰ ਵੀ ਸਾਫ਼ ਹੋ ਜਾਂਦੀ ਹੈ ਕਿਉਂ ਜੋ ਇਕ ਆਇਤ ਵਿਚ ਸਾਨੂੰ ਦੱਸਿਆ ਗਿਆ ਹੈ ਕਿ ਤਕੋਆ ਦੇ ਕੁਝ ''ਪਤਵੰਤਿਆਂ'' ਨੇ ''ਆਪਣੇ ਸਵਾਮੀਆਂ ਦੀ ਸੇਵਾ ਲਈ ਆਪਣੀਆਂ ਧੌਣਾਂ ਨਾ ਨਿਵਾਈਆਂ'' (3:5)। ਕੰਧ ਨੂੰ ਬਣਾਉਣ ਦੀ ਵੋਟ ਸਰਵਸੰਮਤੀ ਨਾਲ ਨਹੀਂ ਸੀ, ਕਿਉਂ ਜੋ ਕਈਆਂ ਨੂੰ ਇਹ ਯੋਜਨਾ ਅਣਸੁਖਾਵੀਂ ਲੱਗੀ ਅਤੇ ਉਨ੍ਹਾਂ ਨੇ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਕਰਕੇ ਜਿਨ੍ਹਾਂ ਜਿਨ੍ਹਾਂ ਨੇ ਮਦਦ ਕੀਤੀ ਉਨ੍ਹਾਂ ਉਨ੍ਹਾਂ ਦੀ ਤਾਰੀਫ਼ ਵਧੇਰੇ ਹੋਣੀ ਚਾਹੀਦੀ ਹੈ। ਟਕੋਆ ਦੇ ''ਪਤਵੰਤਿਆਂ'' ਦੇ ਉਲਟ ਉਨ੍ਹਾਂ ਨੇ ਮਨਮਰਜ਼ੀ ਨਾਲ ਕੰਮ ਕੀਤਾ, ਕਿਉਂ ਜੋ ਉਨ੍ਹਾਂ ਨੇ ਕਰਨਾ ਚਾਹਿਆ। ਉਨ੍ਹਾਂ ਨੇ ਸਵੈ-ਇੱਛਾ ਨਾਲ ਕੰਮ ਕੀਤਾ।

ਇਸ ਕਰਕੇ ਅਧਿਆਇ ਦੀਆਂ ਗੱਲਾਂ ਨੂੰ ਮਹੱਤਵਪੂਰਣ ਮੰਨਿਆ ਜਾਣਾ ਚਾਹੀਦਾ ਹੈ। ਉਹ ਆਪਣੇ ਘਰ ਅਤੇ ਆਪਣੇ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਇਕੱਠੇ ਹੋਏ ਲੋਕਾਂ ਦੀ ਕੋਸ਼ਿਸ਼ ਕੀਤੇ ਜਾਣ ਵਾਲੇ ਇਕ ਵੱਡੇ ਕੰਮ ਦੇ ਪੂਰਾ ਹੋਣ ਨੂੰ ਵਿਖਾਉਂਦੇ ਹਨ।

### ਕੰਮ ਕਰਨ ਵਾਲੇ ਪਤਵੰਤੇ (ਅਧਿਆਇ 3)

ਨਹਮਯਾਹ 3 ਅਧਿਆਇ ਖ਼ੁਦਾ ਦੇ ਉਨ੍ਹਾਂ ਨਾਇਕ ਪਤਵੰਤਿਆਂ ਬਾਰੇ ਦੱਸਦਾ ਹੈ ਜਿਨ੍ਹਾਂ ਨੇ ਯਰੂਸ਼ਲਮ ਦੀਆਂ ਕੰਧਾਂ ਨੂੰ ਬਣਾਉਣ ਲਈ ਦੁਸ਼ਮਣ ਦੇ ਖ਼ਤਰਿਆਂ ਅਤੇ ਧਮਕੀਆਂ ਦਾ ਮੁਕਾਬਲਾ ਕਰਨ ਦੀ ਹਿੰਮਤ ਕੀਤੀ। ਕੰਮ ਕਰਦਿਆਂ ਉਹ ਹਰ ਵੇਲੇ ਇਸ ਗੱਲ ਲਈ ਤਿਆਰ ਸਨ ਕਿ ਦੁਸ਼ਮਣ ਕਿਸੇ ਵੀ ਵੇਲੇ ਹਮਲਾ ਕਰ ਸਕਦਾ ਹੈ, ਆਪਣੇ ਆਪ ਨੂੰ ਬਚਾਉਣ ਲਈ ਤਿਆਰ ਰਹਿੰਦੇ ਸਨ।

ਅਧਿਆਇ 2 ਵਿਚ ਨਹਮਯਾਹ ਵੱਲੋਂ ਕੰਧ ਦੇ ਮੁਆਇਨੇ ਤੋਂ ਬਾਅਦ ਉਸ ਨੇ ''ਯਹੂਦੀਆਂ, ਯਾਜਕਾਂ, ਪਤਵੰਤਿਆਂ ਅਤੇ ਸਰਦਾਰਾਂ'' ਅੱਗੇ ਮੰਨਿਆ ਕਿ ਮੁਰੰਮਤ ਕੀਤੇ ਜਾਣ ਦੀ ਬੇਹੱਦ ਲੋੜ ਹੈ। ਉਸਨੇ ਆਖਿਆ, ''ਆਓ ਅਸੀਂ ਯਰੂਸ਼ਲਮ ਦੀ ਕੰਧ ਬਣਾਈਏ ਭਈ ਅੱਗੇ ਤੋਂ ਅਸੀਂ ਬੋਲੀ ਵਿਚ ਨਾ ਆਈਏ'' (2:17)। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਖ਼ੁਦਾ ਕਿਵੇਂ ਉਹਦੇ ਅਤੇ ਰਾਜੇ ਨੂੰ ਕਹੀਆਂ

ਗਈਆਂ ਉਹਦੀਆਂ ਗੱਲਾਂ ਦੇ ਪ੍ਰਤੀ ਮੇਹਰਬਾਨ ਸੀ। ਲੋਕਾਂ ਨੇ ਜਵਾਬ ਦਿੱਤਾ, ''ਆਓ ਅਸੀਂ ਉੱਠੀਏ ਤੇ ਬਣਾਈਏ'' (2:18)।

ਅਧਿਆਇ 4 ਵਿਚ ਦੁਸ਼ਮਣ ਦੇ ਲਗਾਤਾਰ ਹਮਲਿਆਂ ਕਰਕੇ ਨਹਮਯਾਹ ਨੇ ਆਖਿਆ, ''*[ਦੁਸ਼ਮਣ ਤੋਂ]* ਨਾ ਡਰੋ, ਪ੍ਰਭੂ ਨੂੰ ਜਿਹੜਾ ਵੱਡਾ ਤੇ ਭੈ ਦਾਇਕ ਹੈ ਯਾਦ ਰੱਖੋ ਅਤੇ ਆਪਣੇ ਭਰਾਵਾਂ ਲਈ ਅਤੇ ਆਪਣਿਆਂ ਪੁੱਤਰਾਂ ਲਈ, ਆਪਣੀਆਂ ਧੀਆਂ ਲਈ, ਆਪਣੀਆਂ ਤੀਵੀਆਂ ਲਈ ਅਤੇ ਆਪਣਿਆਂ ਘਰਾਂ ਲਈ ਲੜੋ!'' (4:14)।

ਇਹ ਕੰਮ ਕਰਨ ਵਾਲੇ ਲੋਕ ਸੁਖਮ ਦ੍ਰਿਸ਼ਟੀ ਵਾਲੇ, ਦਲੇਰ, ਪੂਰੀ ਤਰ੍ਹਾਂ ਨਾਲ ਸਮਰਪਿਤ ਅਤੇ ਨਿਡਰ ਲੋਕ ਹਨ। ਉਨ੍ਹਾਂ ਦੇ ਬਗ਼ੈਰ ਹੈਕਲ ਅਤੇ ਸ਼ਹਿਰ ਦੀ ਰੱਖਿਆ ਲਈ ਕੰਧ ਨੂੰ ਪੂਰਾ ਕੀਤਾ ਜਾਣਾ ਸੰਭਵ ਨਹੀਂ ਹੋ ਸਕਣਾ ਸੀ। ਉਨ੍ਹਾਂ ਦੇ ਬਿਨਾਂ ਨਹਮਯਾਹ ਨੇ ਜਿਹਨੂੰ ਅਸੀਂ ਐਨੀ ਇੱਜ਼ਤ ਦਿੰਦੇ ਹਾਂ ਉਸ ਕੰਮ ਨੂੰ ਪੂਰਾ ਨਹੀਂ ਕਰ ਸਕਣਾ ਸੀ।

ਇਬਰਾਨੀਆਂ 11:30 ਵਿਚ ਲੇਖਕ ਨੇ ਨਿਹਚਾ ਦੀ ਇਹ ਮਿਸਾਲ ਦਿੱਤੀ: ''ਨਿਹਚਾ ਨਾਲ ਯਰੀਹੋ ਦੀ ਸਫ਼ੀਲ ਜਾਂ ਸੱਤਾਂ ਦਿਨਾਂ ਤੀਕ ਘੇਰੀ ਗਈ ਤਾਂ ਢਹਿ ਪਈ।'' ਨਹਮਯਾਹ ਦੀ ਕਿਤਾਬ ਤੋਂ ਸਾਨੂੰ ਨਿਹਚਾ ਦੀ ਇਕ ਹੋਰ ਮਿਸਾਲ ਪਤਾ ਲਗਦੀ ਹੈ ਜਿਸ ਨੂੰ ਇਸ ਸੂਚੀ ਵਿਚ ਮਿਲਾਇਆ ਜਾ ਸਕਦਾ ਹੈ: ''ਨਿਹਚਾ ਨਾਲ ਯਰੂਸ਼ਲਮ ਦੀ ਕੰਧ ਸਿਰਫ਼ ਬਵੰਜਾ ਦਿਨਾਂ ਵਿਚ ਬਣਾ ਲਈ ਗਈ।'' (ਵੇਖੋ 6:15.)

ਨਹਮਯਾਹ 3 ਅਧਿਆਇ ਵਾਲੇ ਲੋਕ ਕੰਮ ਲਈ ਵਫ਼ਾਦਾਰ, ਲੜਾਈ ਲਈ ਵਫ਼ਾਦਾਰ, ਅਤੇ ਪੂਰਾ ਕਰਨ ਲਈ ਵਫ਼ਾਦਾਰ ਸਨ। ਪੌਲੁਸ ਵਾਂਗ ਉਹ ਵੀ ਲਿਖ ਸਕਦੇ ਸਨ, ''ਮੈਂ ਆਪਣੀ ਦੌੜ ਮੁਕਾ ਛੱਡੀ, ਮੈਂ ਨਿਹਚਾ ਦੀ ਸਾਂਭ ਕੀਤੀ ਹੈ'' (2 ਤਿਮੋਥਿਉਸ 4:7)। ਖ਼ੁਦਾ ਵੱਲੋਂ ਮਿਲੇ ਕੰਮ ਨੂੰ ਅਸੀਂ ਵੀ ਇਵੇਂ ਪੂਰਾ ਕਰੀਏ ਕਿ ਸਾਡੇ ਲਈ ਵੀ ਇਹੀ ਕਿਹਾ ਜਾਵੇ।

### ਅਸਰਦਾਇਕ ਲੀਡਰਸ਼ਿਪ: ਦੂਜਿਆਂ ਨੂੰ ਪ੍ਰੇਰਣਾ ਦੇਣਾ (ਅਧਿਆਇ 3)

ਇਕ ਪ੍ਰਭਾਵਸ਼ਾਲੀ ਲੀਡਰ ਚੰਗਾ ਮੋਟਿਵੇਟਰ ਭਾਵ ਪ੍ਰੇਰਣਾ ਦੇਣ ਵਾਲਾ ਹੁੰਦਾ ਹੈ; ਉਹ ਲੋਕਾਂ ਨੂੰ ਆਪਣੇ ਪਿੱਛੇ ਲੱਗਣ ਲਈ ਮਨਾ ਸਕਦਾ ਹੈ ਅਤੇ ਉਨ੍ਹਾਂ ਨੂੰ ਉਹ ਕਰਨ ਦਾ ਯਕੀਨ ਦੁਆ ਸਕਦਾ ਹੈ ਜੋ ਉਹ ਉਨ੍ਹਾਂ ਤੋਂ ਕਰਵਾਉਣਾ ਚਾਹੁੰਦਾ ਹੈ। ਪਰ ਜ਼ਰੂਰੀ ਨਹੀਂ ਹੈ ਕਿ ਪ੍ਰਭਾਵਸ਼ਾਲੀ ਲੀਡਰਸ਼ਿਪ *ਚੰਗੀ* ਲੀਡਰਸ਼ਿਪ ਹੀ ਹੋਵੇ। ਕਈ ਹਾਲਾਤ ਵਿਚ ਲੀਡਰ ਲੋਕਾਂ ਨੂੰ ਸਰੀਰਕ ਬਲ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਆਪਣੇ ਮਗਰ ਚੱਲਣ ਲਈ ਮਜਬੂਰ ਕਰਦੇ ਹਨ। ਮਨਾਉਣ ਦੀ ਉਨ੍ਹਾਂ ਦੀ ਸ਼ੈਲੀ ਧਮਕੀਆਂ ਅਤੇ ਡਰਾਵੇ ਤੇ ਅਧਾਰਿਤ ਹੁੰਦੀ ਹੈ। ਕਲੀਸੀਆ ਵਰਗੇ ਮੁਕਤ ਸਮਾਜਾਂ ਅਤੇ ਸਵੈ-ਸੇਵੀ ਸੰਗਠਨਾਂ ਵਿਚ (ਅਤੇ ਬਹੁਤਾ ਕਰਕੇ ਕਾਰੋਬਾਰੀ ਹਾਲਾਤ ਵਿਚ) ਸਭ ਤੋਂ ਵਧੀਆ ਲੀਡਰ ਉਹ ਹੁੰਦੇ ਹਨ ਜਿਹੜੇ ਲੋਕਾਂ ਨੂੰ ਉੱਪਰ ਜਾਣ ਲਈ ਪ੍ਰੇਰਣਾ ਦੇਣ ਵਿਚ ਸਫ਼ਲ ਹੋਣ ਜਿੱਧਰ ਜਾਣ ਲਈ ਉਹ ਕਿਸੇ ਚੰਗੇ ਮਕਸਦ ਲਈ ਰਸਤਾ ਵਿਖਾਉਂਦੇ ਹਨ।

ਨਹਮਯਾਹ ਵੱਲੋਂ ਦਿੱਤੀ ਜਾਣ ਵਾਲੀ ਪ੍ਰੇਰਣਾ ਦੇ ਹੁਨਰ ਬਾਰੇ ਖੋਲ੍ਹ ਕੇ ਨਹੀਂ ਦੱਸਿਆ ਗਿਆ, ਪਰ ਸਾਫ਼ ਪਤਾ ਲਗਦਾ ਹੈ। 2:17 ਵਿਚ ਉਸ ਨੇ ਯਹੂਦੀਆਂ ਨੂੰ ਆਖਿਆ, ''ਤੁਸੀਂ ਉਸ ਦੁਰਦਸ਼ਾ ਨੂੰ ਵੇਖਦੇ ਹੋ ਜਿਹ ਦੇ ਵਿਚ ਅਸੀਂ ਹਾਂ ਕਿ ਯਰੂਸ਼ਲਮ ਉੱਜੜ ਗਿਆ ਹੈ ਅਤੇ ਉਹ ਦੇ ਫਾਟਕ ਅੱਗ ਨਾਲ ਸੜ ਗਏ ਹਨ। ਆਓ, ਅਸੀਂ ਯਰੂਸ਼ਲਮ ਦੀ ਕੰਧ ਬਣਾਈਏ ਭਈ ਅੱਗੇ ਨੂੰ ਅਸੀਂ ਬੋਲੀ ਵਿਚ ਨਾ ਆਈਏ।'' ਨਹਮਯਾਹ ਨੇ ਲੋਕਾਂ ਨਾਲ ਗੱਲ ਕੀਤੀ। ਉਹਦਾ ਇਰਾਦਾ ਉਨ੍ਹਾਂ ਨੂੰ ਯਰੂਸ਼ਲਮ ਦੀ ਕੰਧ ਫੇਰ ਤੋਂ ਬਣਾਉਣ ਲਈ ਪ੍ਰੇਰਣਾ ਦੇਣ ਦਾ ਸੀ।

ਭਲਾ ਉਹ ਆਪਣੇ ਮਕਸਦ ਵਿਚ ਸਫ਼ਲ ਹੋਇਆ? ਅਗਲੀ ਆਇਤ ਦੱਸਦੀ ਹੈ, ''ਤਾਂ ਉਨ੍ਹਾਂ

ਆਖਿਆ, ਆਓ, ਅਸੀਂ ਉੱਠੀਏ ਤੇ ਬਣਾਈਏ ਤਾਂ ਉਨ੍ਹਾਂ ਨੇ ਇਸ ਨੇਕ ਕੰਮ ਲਈ ਆਪਣੇ ਹੱਥਾਂ ਨੂੰ ਤਕੜਿਆਂ ਕੀਤਾ'' (2: 18)। ਨਹਮਯਾਹ ਨੂੰ ਆਪਣਾ ਮਕਸਦ ਮਿਲ ਗਿਆ! ਉਸ ਨੇ ਲੋਕਾਂ ਨੂੰ ਉਹ ਕਰਨ ਲਈ ਪ੍ਰੇਰਿਆ ਜੋ ਉਹ ਕਰਵਾਉਣਾ ਚਾਹੁੰਦਾ ਸੀ। ਸਾਫ਼ ਤੌਰ ਤੇ ਉਨ੍ਹਾਂ ਨੇ ਓਸੇ ਵੇਲੇ ਕੰਧ ਨੂੰ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ।

ਨਹਮਯਾਹ ਦੀ ਗੱਲ ਲੋਕ ਕਿਉਂ ਮੰਨਦੇ ਸਨ? ਕਿਉਂ ਜੋ ਨਹਮਯਾਹ ਦਾ ਭਾਸ਼ਣ ਜਿਹੜਾ ਸਾਡੇ ਕੋਲ ਹੈ ਉਹ ਸਿਰਫ਼ ਉਸ ਵੱਲੋਂ ਦਿੱਤੇ ਗਏ ਭਾਸ਼ਣ ਦਾ ਨਮੂਨਾ ਜਾਂ ਸਾਰ ਹੈ, ਇਸ ਕਰਕੇ ਸਾਨੂੰ ਉਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਨਹੀਂ ਲਗ ਸਕਦਾ ਜਿਨ੍ਹਾਂ ਦਾ ਨਤੀਜਾ ਇਸ ਹਵਾਲੇ ਵਿਚ ਦੱਸਿਆ ਗਿਆ ਹੈ। ਪਰ ਉਨ੍ਹਾਂ ਕਈ ਗੱਲਾਂ ਵੱਲ ਧਿਆਨ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਕਰਕੇ ਲੋਕ ਨਹਮਯਾਹ ਦੀ ਗੱਲ ਮੰਨਣ ਲਈ ਤਿਆਰ ਹੋ ਗਏ।

*ਉਸ ਨੂੰ ਚੰਗੀ ਜਾਣਕਾਰੀ ਸੀ।* ਉਸਨੇ ਮੁਸ਼ਕਿਲ ਨੂੰ ਆਪਣੀਆਂ ਅੱਖਾ ਨਾਲ ਵੇਖਿਆ ਸੀ ਜਦ ਉਸ ਨੇ ਰਾਤ ਨੂੰ ਕੰਧ ਦਾ ਮੁਆਇਨਾ ਕੀਤਾ ਸੀ। ਉਸ ਨੇ ਉਸ ''ਦੁਰਦਸ਼ਾ'' (2: 17) ਨੂੰ ਜਿਹੜੀ ਯਹੂਦੀਆਂ ਦੀ ਸੀ, ਸਮਝਾਉਣ ਲਈ ਵਿਸਤਾਰ ਨਾਲ ਉਦਾਹਰਣਾਂ ਦਿੱਤੀਆਂ ਹੋਣਗੀਆਂ।

*ਉਹ ਪਹਿਲਾਂ ਹੀ ਬਹੁਤ ਸਨਮਾਨਿਤ ਹੋਵੇਗਾ।* ਇਹ ਸੰਭਵ ਹੈ ਕਿ ਲੋਕ ਉਸ ਨੂੰ ਅਤੇ ਉਸ ਦੇ ਪਿਛੋਕੜ ਨੂੰ ਜਾਣਦੇ ਸਨ। ਯਹੂਦਾਹ ਦੇ ਲੋਕ ਜਦ ਸ਼ੂਸ਼ਨ ਨੂੰ ਗਏ ਤਾਂ ਉਨ੍ਹਾਂ ਨੂੰ ਪਤਾ ਸੀ ਕਿ ਆਪਣੀਆਂ ਮੁਸ਼ਕਿਲਾਂ ਜਾ ਕੇ ਕਿਸ ਨੂੰ ਦੱਸਣੀਆਂ ਹਨ। ਉਹਦੇ ਬਾਰੇ ਲੋਕਾਂ ਨੂੰ ਪਤਾ ਹੋਣ ਕਰਕੇ ਉਸ ਦੀ ਇੱਜ਼ਤ ਸੀ ਅਤੇ ਉਹਦੀਆਂ ਗੱਲਾਂ ਲਈ ਰਜ਼ਾਮੰਦੀ ਦੇਣਾ ਉਨ੍ਹਾਂ ਲਈ ਅਸਾਨ ਸੀ।

*ਉਸ ਨੇ ਇਖ਼ਤਿਆਰ ਨਾਲ ਗੱਲ ਕੀਤੀ।* ਆਖ਼ਰ, ਉਹ ''ਹਾਕਮ'' ਸੀ (5: 14), ਜਿਹਦੇ ਮਗਰ ਰਾਜੇ ਦਾ ਇਖ਼ਤਿਆਰ ਸੀ। ਉਸ ਨੇ ਆਪਣੀਆਂ ਕਾਰਵਾਹੀਆਂ ਦੇ ਉਸ ਕੰਮ ਦੇ ਜਿਸ ਦੀ ਉਹ ਪੇਸ਼ਕਸ਼ ਕਰ ਰਿਹਾ ਸੀ, ''ਨੇਕ ਨੀਤੀ'' ਤੇ ਇਹ ਆਖਦਿਆਂ ਜ਼ੋਰ ਦਿੱਤਾ ਕਿ ਉਸਦੇ ਕੰਮ ਦਾ ਇਖ਼ਤਿਆਰ ਨਿਰ੍ਹਾ ਰਾਜੇ ਵੱਲੋਂ ਹੀ ਨਹੀਂ ਸੀ ਬਲਕਿ ਉਸ ਨੂੰ ਖ਼ੁਦਾ ਦਾ ਅਸ਼ੀਰਵਾਦ ਵੀ ਸੀ (2: 18)।

*ਉਸ ਨੇ ਆਪਣੇ ਇਰਾਦੇ ਸਾਫ਼-ਸਾਫ਼ ਦੱਸੇ।* ਅਧਿਆਇ 2 ਵਿਚ ਦਿੱਤੇ ਗਏ ਆਪਣੇ ਭਾਸ਼ਣ ਨਾਲ ਸ਼ੁਰੂ ਕਰਕੇ ਉਹਨੇ ਆਪਣਾ ਮਕਸਦ ਦੱਸਿਆ। ਆਪਣੇ ਇਰਾਦੇ ਲੁਕਾਉਣ ਦੀ ਬਜਾਇ ਉਹਨੇ ਆਪਣੇ ਭਾਸ਼ਣ ਅਤੇ ਆਪਣੇ ਮਿਸ਼ਨ ਦੇ ਵਿਸ਼ੇ ਦਾ ਐਲਾਨ ਸਾਫ਼-ਸਾਫ਼ ਕਰ ਦਿੱਤਾ ਕਿ ''ਆਓ ਅਸੀਂ ਕੰਧ ਬਣਾਈਏ'' (2: 17)। ਕਿਸੇ ਨੂੰ ਵੀ ਇਸ ਗੱਲ ਦਾ ਸ਼ੱਕ ਨਹੀਂ ਰਹਿ ਗਿਆ ਸੀ ਕਿ ਨਹਮਯਾਹ ਕੀ ਕਹਿਣ ਦੀ ਕੋਸਿਸ਼ ਕਰ ਰਿਹਾ ਹੈ ਜਾਂ ਉਹ ਲੋਕਾਂ ਤੋਂ ਕੀ ਕਰਵਾਉਣਾ ਚਾਹ ਰਿਹਾ ਹੈ।

*ਉਸ ਨੇ ਲੋਕਾਂ ਨੂੰ ਆਪਣੀ ਗੱਲ ਮੰਨੇ ਜਾਣ ਲਈ ਕਾਰਣ ਦੱਸੇ।* ਰਾਜੇ ਦੀ ਇਜਾਜ਼ਤ ਅਤੇ ਖ਼ੁਦਾ ਦੀ ਮੇਹਰ ਦੀ ਗੱਲ ਨਾਲ ਕੁਝ ਕਾਰਣ ਤਾਂ ਪਤਾ ਲਗ ਗਏ ਸਨ। ਹੋਰਨਾਂ ਕਾਰਣਾ ਨੂੰ ਦੱਸਿਆ ਗਿਆ: ਯਹੂਦੀਆਂ ਨੂੰ ਕੰਧ ਬਣਾਏ ਜਾਣ ਦੀ ਲੋੜ ਅਰੱਖਿਅਤ ਸ਼ਹਿਰ ਵਿਚ ਰਹਿਣ ਦੇ ਖ਼ਤਰਿਆਂ ਕਰਕੇ ਹੀ ਨਹੀਂ ਬਲਕਿ ਇਸ ਕਰਕੇ ਵੀ ਸੀ ਕਿ ਢੱਠੀਆਂ ਹੋਈਆਂ ਕੰਧਾਂ ਦੂਜੇ ਲੋਕਾਂ ਦੀ ਨਜ਼ਰ ਵਿਚ ਯਹੂਦੀਆਂ ਲਈ ''ਬੋਲੀ'' ਹਨ (2: 17)। ਉਨ੍ਹਾਂ ਲਈ ਇਹ ਸ਼ਰਮ ਅਤੇ ਕਲੰਕ ਵਾਲੀ ਗੱਲ ਸੀ ਕਿ ਕੰਧਾਂ ''ਟੁੱਟੀਆਂ ਹੋਈਆਂ'' ਸਨ (2: 13)।

*ਉਸਨੇ ਲੋਕਾਂ ਦੇ ਜਜ਼ਬਾਤਾਂ ਨੂੰ ਛੂਹਿਆ।* ਉਹਦਾ ਭਾਸ਼ਣ ਜਜ਼ਬਾਤੀ ਸੀ। ਖ਼ੁਦਾ ਦੇ ਲੋਕ ''ਮਾੜੀ ਹਾਲਤ'' ਵਿਚ ਸਨ; ਯਰੂਸ਼ਲਮ ''ਥੇਹ ਹੋਇਆ ਪਿਆ'' ਸੀ ਅਤੇ ਉਹ ਆਪਣੇ ਆਂਢ-ਗੁਆਂਢ ਦੀਆਂ ਨਜ਼ਰਾਂ ਵਿਚ ''ਬੋਲੀ ਵਿਚ'' ਪਏ ਸਨ। ਨਹਮਯਾਹ ਲੋਕਾਂ ਤੋਂ ਉਹ ਕੰਮ ਕਰਵਾਉਣ ਵਿਚ ਸਫ਼ਲ ਹੋ ਗਿਆ ਜਿਹੜਾ ਉਸ ਨੇ ਉਨ੍ਹਾਂ ਨੂੰ ਦਿੱਤਾ ਸੀ।

ਕਲੀਸੀਆ ਦੇ ਆਗੂਆਂ ਨੂੰ ਵੀ ਚੰਗੇ ਪ੍ਰੇਰਣਾ ਦੇਣ ਵਾਲੇ ਹੋਣਾ ਜ਼ਰੂਰੀ ਹੈ। ਬਾਈਬਲ ਭਾਵੇਂ ਇਹ ਕਹਿੰਦੀ ਹੈ ਕਿ ਮਾਪਿਆਂ ਦਾ ਅਧਿਕਾਰ ਆਪਣੇ ਬੱਚਿਆਂ ਉੱਤੇ, ਪਤੀ ਦਾ ਅਧਿਕਾਰ ਆਪਣੀ

ਪਤਨੀ ਉੱਤੇ ਅਤੇ ਐਲਡਰਾਂ ਦਾ ਅਧਿਕਾਰ ਕਲੀਸੀਆ ਉੱਤੇ ਹੈ ਪਰ ਇਹ ਅਗਵਾਈ ਕਰਨ ਵਾਲੇ ਇਨ੍ਹਾਂ ਸਭਨਾਂ ਨੂੰ ਹੱਠਧਰਮੀ ਹੋ ਕੇ ਜ਼ਬਰਦਸਤੀ ਨਾਲ ਅਗਵਾਈ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਅਸਲ ਵਿਚ ਨਵਾਂ ਨੇਮ ਪਿਤਾਵਾਂ ਨੂੰ ਦੱਸਦਾ ਹੈ ਕਿ ''ਆਪਣਿਆਂ ਬਾਲਕਾਂ ਦਾ ਕ੍ਰੋਧ ਨਾ ਭੜਕਾਓ'' (ਅਫ਼ਸੀਆਂ 6:4); ਇਹ ਪਤੀਆਂ ਨੂੰ ਆਪਣੀਆਂ ਪਤਨੀਆਂ ਦੀ ਅਗਵਾਈ ''ਪ੍ਰੇਮ'' ਨਾਲ ਕਰਨ ਲਈ ਆਖਦਾ ਹੈ (ਅਫ਼ਸੀਆਂ 5:25); ਅਤੇ ਐਲਡਰਾਂ ਨੂੰ ਦੱਸਦਾ ਹੈ ਕਿ ਪਰਮੇਸ਼ੁਰ ਦੇ ''ਇੱਜੜ ਦੇ ਮਾਲਿਕ'' ਨਾ ਬਣੋ (1 ਪਤਰਸ 5:3; NRSV)।

ਮਸੀਹੀ ਲੋਕ ਜੇ ਮੰਡਲੀ ''ਉੱਤੇ ਹੁਕਮ'' ਨਹੀਂ ਚਲਾਉਂਦੇ ਤਾਂ ਉਹ ਕਲੀਸੀਆ ਦੀ ਅਗਵਾਈ ਕਿਵੇਂ ਕਰ ਸਕਦੇ ਹਨ? ਲੋਕਾਂ ਨੂੰ ਸਹੀ ਦਿਸ਼ਾ ਵਿਚ ਜਾਣ ਲਈ ਪ੍ਰੇਰਣਾ ਦੇਣਾ ਸਿੱਖ ਕੇ ਐਲਡਰ ਭਾਈਆਂ ਨੂੰ ਮਸੀਹ ਦੇ ਵਫ਼ਾਦਾਰ ਸੇਵਕ ਬਣਾਉਣ ਲਈ ਉਨ੍ਹਾਂ ਨਾਲ ਜ਼ਬਰਦਸਤੀ ਨਹੀਂ ਕਰ ਸਕਦੇ। ਐਲਡਰਾਂ ਤੋਂ ਸਿਖਾਉਣ ਵਾਲੇ ਹੋਣ ਦੀ ਉਮੀਦ ਕਰਕੇ ਅਤੇ ਉਨ੍ਹਾਂ ਨੂੰ ''ਪਾਸਬਾਨ'' (ਅਫ਼ਸੀਆਂ 4:11) ਜਾਂ ''ਚਰਵਾਹੇ'' (ਕਰਤੱਬ 20:28; 1 ਪਤਰਸ 5:2) ਆਖ ਕੇ ਨਵਾਂ ਨੇਮ ਇਸੇ ਸਚਿਆਈ ਨੂੰ ਦੱਸਦਾ ਹੋਇਆ ਲਗਦਾ ਹੈ।

ਇਹਦਾ ਮਤਲਬ ਇਹ ਹੋਇਆ ਕਿ ਕਲੀਸੀਆ ਦਾ ਪ੍ਰਭਾਵਸ਼ਾਲੀ ਆਗੂ ਹੋਣ ਲਈ ਚੰਗਾ ਪ੍ਰੇਰਣਾ ਦੇਣ ਵਾਲਾ ਬਣਨਾ ਜ਼ਰੂਰੀ ਹੈ। ਜੋ ਗੱਲ ਬਾਤ ਉਹ ਕਰ ਰਿਹਾ ਹੈ ਉਸ ਨੂੰ ਜਾਣ ਕੇ, ਭਰੋਸੇਯੋਗ ਹੋ ਕੇ ਅਤੇ ਜੋ ਕੁਝ ਵੀ ਉਹ ਕਰਨਾ ਚਾਹੁੰਦਾ ਹੈ ਉਹਦੇ ਲਈ ਖ਼ੁਦਾ ਦਾ ਇਖ਼ਤਿਆਰ ਲੈ ਕੇ, ਨਹਮਯਾਹ ਦੀ ਮਿਸਾਲ ਨੂੰ ਮੰਨਦਾ ਹੋਇਆ ਉਹ ਉਸ ਟੀਚੇ ਨੂੰ ਪਾ ਸਕਦਾ ਹੈ। ਉਸ ਨੂੰ ਇਹ ਸਾਫ਼ ਕਰਨਾ ਚਾਹੀਦਾ ਹੈ ਕਿ ਕੀ ਕੀਤਾ ਜਾਣਾ ਹੈ, ਹਰ ਕੰਮ ਨੂੰ ਪੂਰਾ ਕਰਨ ਲਈ ਚੰਗੇ ਕਾਰਣ ਦਵੇ, ਅਤੇ ਲੋਕਾਂ ਦੇ ਜਜ਼ਬਾਤਾਂ ਨੂੰ ਛੂਹੇ ਤਾਂ ਜੋ ਉਹ ਕੰਮ ਵਿਚ ਸ਼ਾਮਿਲ ਹੋਣ ਦਾ ਫ਼ੈਸਲਾ ਕਰਨ।

*ਸਾਰ।* ਲੀਡਰ ਦਾ ਮੁਲਾਂਕਣ ਕਿਵੇਂ ਹੋਏ? ਲੀਡਰਸ਼ਿਪ ਦੀ ਸਭ ਤੋਂ ਵਧੀਆ ਪਰੀਖਿਆ ਇਹ ਨਹੀਂ ਹੈ ਕਿ ਉਹ ਲੀਡਰ ਕੀ ਕਰਦਾ ਹੈ ਬਲਕਿ ਇਹ ਹੈ ਕਿ ਉਹ ਅਤੇ ਦੂਜੇ ਲੋਕ ਮਿਲ ਕੇ ਕੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਮਾਪਕ ਤੋਂ ਨਾਪਣ ਤੇ ਨਹਮਯਾਹ ਬਾਈਬਲ ਦੇ ਸਭ ਤੋਂ ਸਫ਼ਲ ਲੀਡਰਾਂ ਵਿੱਚੋਂ ਇਕ ਸੀ।

**ਇਕ ਕੰਮ, ਵੱਖੋ-ਵੱਖ ਕੰਮ ਕਰਨ ਵਾਲੇ (ਅਧਿਆਇ 3)**

ਜਦ ਨਹਮਯਾਹ ਨੇ ਯਰੂਸ਼ਲਮ ਦੀਆਂ ਕੰਧਾਂ ਬਣਾਉਣ ਵਿਚ ਅਗਵਾਈ ਕੀਤੀ ਤਾਂ ਉਸ ਨੇ ਜ਼ਿੰਦਗੀ ਦੇ ਹਰ ਖੇਤਰ ਦੇ ਸਵੈ-ਸੇਵਕਾਂ ਨੂੰ ਸ਼ਾਮਿਲ ਕੀਤਾ। ਯਾਜਕ, ਲੇਵੀ, ਨਥੀਨੀਮ, ਸਧਾਰਣ ਲੋਕ ਯਰੂਸ਼ਲਮ ਅਤੇ ਹੋਰਨਾਂ ਇਲਾਕਿਆਂ ਦੇ ਆਦਮੀ ਅਤੇ ਔਰਤਾਂ, ਹਾਕਮ ਅਤੇ ਆਮ ਲੋਕ, ਭਰਾ ਅਤੇ ਪਿਉ ਅਤੇ ਭੈਣਾਂ, ਕਾਰੀਗਰ ਅਤੇ ਵਪਾਰੀ, ਸਭ ਲੋਕ ਇਕ ਵੱਡੇ ਮਕਸਦ ਨੂੰ ਹਾਸਲ ਕਰਨ ਲਈ ਇਕ ਹੋ ਗਏ।

ਤਰ੍ਹਾਂ ਤਰ੍ਹਾਂ ਦੇ ਬਣਾਉਣ ਵਾਲਿਆਂ ਤੋਂ ਇਹ ਸੁਝਾਅ ਮਿਲਦਾ ਹੈ ਕਿ ਪ੍ਰਭੂ ਦੀ ਕਲੀਸੀਆ ਵਿਚ ਵੱਖੋ-ਵੱਖ ਪਿਛੋਕੜ ਅਤੇ ਯੋਗਤਾਵਾਂ ਵਾਲੇ ਹਰ ਤਰ੍ਹਾਂ ਦੇ ਲੋਕ ਮਿਲ ਕੇ ਇਕ ਕੰਮ ਨੂੰ ਕਰ ਸਕਦੇ ਹਨ। ਇਕ ਕੀਤੇ ਹੋਏ ਲੋਕਾਂ ਦੇ ਰੂਪ ਵਿਚ, ਕਲੀਸੀਆ ਦੇ ਲੋਕ ਖ਼ੁਦਾ ਦੀ ਵਡਿਆਈ ਕਰਦੇ ਹਨ, ਗੁਆਚਿਆਂ ਹੋਇਆਂ ਨੂੰ ਮੁਕਤੀ ਦਾ ਰਾਹ ਦੱਸਦੇ ਹਨ ਅਤੇ ਇਕ ਦੂਜੇ ਨੂੰ ਸੁਧਾਰਦੇ ਹਨ। (ਵੇਖੋ ਅਫ਼ਸੀਆਂ 4:11-13; 1 ਪਤਰਸ 4:10, 11)।

ਪ੍ਰਭੂ ਦੀ ਕਲੀਸੀਆ ਦੀਆਂ ਮੰਡਲੀਆਂ ਵਿਚ ਆਦਮੀ, ਔਰਤਾਂ ਅਤੇ ਜਵਾਨ ਲੋਕਾਂ, ਹਰ ਰੰਗ ਜ਼ਾਤ ਅਤੇ ਹਰ ਕੌਮ ਦੇ ਹਾਕਮਾਂ ਅਤੇ ਆਮ ਲੋਕਾਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਜਿਹੜੇ ਵੱਖੋ ਵੱਖ ਕਿਸਮਾਂ ਦੇ ਮਕਾਨਾਂ ਜਾਂ ਇਲਾਕਿਆਂ ਵਿਚ ਰਹਿੰਦੇ ਅਤੇ ਜਿਨ੍ਹਾਂ ਦੀ ਜਾਇਜ਼ ਕਮਾਈ ਦੇ ਵੱਖੋ

ਵੱਖ ਤਰੀਕੇ ਹਨ। ਕਲੀਸੀਆ ਦੇ ਹਰ ਮੈਂਬਰ ਦੇ ਗੁਣਾਂ ਨੂੰ ਕਲੀਸੀਆ ਦੀ ਤਰੱਕੀ ਲਈ ਵਰਤਿਆ ਜਾਣਾ ਚਾਹੀਦਾ ਹੈ (1 ਕੁਰਿੰਥੀਆਂ 12: 1–31)। ਨਹਮਯਾਹ ਅਤੇ ਉਸਦੇ ਨਾਲ ਕੰਮ ਕਰਨ ਵਾਲੇ ਯਹੂਦੀਆਂ ਦੀ ਮਿਸਾਲ ਤੋਂ ਸਾਨੂੰ ਖੁਦਾ ਦੇ ਕੰਮ ਨੂੰ ਪੂਰਾ ਕਰਨ ਲਈ ਇਕ ਹੋਣ ਦੀ ਦਲੇਰੀ ਮਿਲਣੀ ਚਾਹੀਦੀ ਹੈ।

**ਸ਼ਖ਼ਤ ਕੰਮ ਤੋਂ ਉੱਪਰ?** (3: 5)

ਨਹਮਯਾਹ 3:5 ਵਿਚ ਅਸੀਂ ਪੜ੍ਹਦੇ ਹਾਂ ਕਿ ''ਤਕੋਈਆਂ ਨੇ ਮੁਰੰਮਤ ਕੀਤੀ ਪਰ ਉਨ੍ਹਾਂ ਦੇ ਪਤਵੰਤਿਆਂ ਨੇ ਆਪਣੇ ਸੁਆਮੀਆਂ ਲਈ ਆਪਣੀਆਂ ਧੌਣਾਂ ਨਾ ਨਿਵਾਈਆਂ।'' ਕਿਉਂ ਨਹੀਂ? ਸ਼ਾਇਦ ਇਸ ਲਈ ਕਿ ਉਹ ''ਪਤਵੰਤੇ'' ਸਨ ਅਤੇ ਇਸ ਕਰਕੇ ਉਨ੍ਹਾਂ ਨੂੰ ਲਗਦਾ ਸੀ ਕਿ ਉਹ ਮਜ਼ਦੂਰਾਂ ਵਾਲਾ ਕੰਮ ਕਿਉਂ ਕਰਨ। ਆਖ਼ਰ ਉਹ ਅਮੀਰ ਲੋਕ ਸਨ ਜਿਹੜੇ ਮਜ਼ਦੂਰੀ ਕਰਨ ਲਈ ਦੂਜਿਆਂ ਨੂੰ ਦਿਹਾੜੀ ਤੇ ਰੱਖਦੇ ਸਨ। ਅਜਿਹਾ ਲਗਦਾ ਹੈ ਕਿ ਉਹ ਕੰਧ ਬਣਾਉਣ ਦੇ ਕੰਮ ਵਿਚ ਆਪਣੇ ਹੱਥਾਂ ਤੇ ਮੈਲ ਨਹੀਂ ਲੱਗਣ ਦੇਣਾ ਚਾਹੁੰਦੇ ਸਨ। ਜੇ ਇਹ ਗੱਲ ਸੀ ਤਾਂ ਅੱਜ ਉਨ੍ਹਾਂ ਦੀ ਨਕਲ ਕਰਨ ਵਾਲੇ ਲੋਕ ਹਨ। ਕਈਆਂ ਨੂੰ ਲਗਦਾ ਹੈ ਕਿ ਉਹ ਐਨੇ ਚੰਗੇ ਅਤੇ ਐਨੇ ਮਹੱਤਵਪੂਰਣ ਹਨ ਕਿ ਕੁਝ ਕੰਮ ਕਰਨਾ ਉਨ੍ਹਾਂ ਦਾ ਕੰਮ ਨਹੀਂ ਹੈ। ਕਲੀਸੀਆ ਵਿਚ ਵੀ ਕਈਆਂ ਨੂੰ ਲਗ ਸਕਦਾ ਹੈ ਕਿ ਲੀਡਰਸ਼ਿਪ ਜਾਂ ਬੋਲਣ ਦੇ ਹੁਨਰ ਕਰਕੇ ਉਨ੍ਹਾਂ ਨੂੰ ਛੱਤ ਦੀ ਮੁਰੰਮਤ ਕਰਨ, ਘਾਹ ਕੱਟਣ ਜਾਂ ਭਾਂਡੇ ਮਾਂਜਣ ਵਰਗੇ ਹੱਥੀਂ ਕੀਤੇ ਜਾਣ ਵਾਲੇ ਕੰਮ ਵਿਚ ਸ਼ਾਮਿਲ ਹੋਣ ਤੋਂ ਛੂਟ ਹੈ।

ਕਿਸੇ ਵੀ ਐਲਡਰ ਜਾਂ ਪ੍ਰਚਾਰਕ ਲਈ ਜਿਹਨੂੰ ਲਗਦਾ ਹੈ ਕਿ ਉਹਦੀ ਬੁਲਾਹਟ ਇਹ ਹੈ ਕਿ ਉਹ ਹੱਥੀਂ ਕੰਮ ਨਾ ਕਰੇ, ਯਾਦ ਰੱਖਣਾ ਜ਼ਰੂਰੀ ਹੈ ਕਿ ਯਿਸੂ ਨੇ ਅੱਗ ਬਾਲੀ ਅਤੇ ਮੱਛੀ ਪਕਾਈ ਸੀ (ਯੂਹੰਨਾ 21:9–12) ਅਤੇ ਪੌਲੁਸ ਲੱਕੜਾਂ ਲੈ ਕੇ ਆਇਆ ਸੀ (ਕਰਤੱਬ 28:3)। ਪ੍ਰਚਾਰ ਕਰਨ ਜਾਂ ਅਗਵਾਈ ਕਰਨ ਦੇ ਵਿਸ਼ੇਸ਼ ਦਾਨ ਵਾਲੇ ਲੋਕਾਂ ਨੂੰ ਵੀ ਉਹ ਕੰਮ ਕਰਨ ਤੋਂ ਛੂਟ ਨਹੀਂ ਹੈ ਜਿਹੜੇ ਕਲੀਸੀਆ ਦੇ ਕੰਮ ਕਰਨ ਲਈ ਜ਼ਰੂਰੀ ਹਨ। ''ਪਤਵੰਤਿਆਂ'' ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਉਹ ਐਨੇ ਚੰਗੇ ਨਹੀਂ ਹਨ ਕਿ ਮਸੀਹ ਦੇ ਕੰਮ ਨੂੰ ਵਧਾਉਣ ਲਈ ਆਪਣੇ ਹੱਥ ਮੈਲੇ ਹੋਣ ਤੋਂ ਡਰਦੇ ਰਹਿਣ।

---

ਟਿੱਪਣੀਆਂ

[1]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਸ: ਇੰਟਰ–ਵਰਸਿਟੀ ਪ੍ਰੈੱਸ, 1979), 86. [2]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 16 (ਵਾਕੋ, ਟੈਕਸਸ: ਵਰਡ ਬੁਕਸ, 1985), 203. ਯੂਹੰਨਾ 5:2 ਵਿਚ ''ਭੇਡਾਂ ਵਾਲੇ ਦਰਵਾਜ਼ੇ'' ਦਾ ਜ਼ਿਕਰ ਹੈ, ਭਾਵੇਂ ਹੇਰੋਦੇਸੀ ਕੰਧ ਕਾਫ਼ੀ ਦੂਰ ਉੱਤਰ ਵੱਲ ਸੀ। [3]ਜੌਰਜ ਆਰ. ਐੱਚ. ਰਾਈਟ, *ਐਨਸਿਏਂਟ ਬਿਲਡਿੰਗ ਇਨ ਸਾਊਥ ਸੀਰੀਆ ਐਂਡ ਪੈਲੇਸਟਾਈਨ*, ਜਿਲਦ 1 (ਲਿਡੇਨ, ਨੀਦਰਲੈਂਡ: ਬ੍ਰਿਲ, 1985), 188. [4]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ. 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 693 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ– ਨਹਮਯਾਹ।'' [5]ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003), 101. [6]ਵੇਖੋ ਯੋਹਾਨਾਨ ਅਹਾਰੋਨੀ ਐਂਡ ਮਾਈਕਲ ਅਵੀ–ਯੋਨਾਹ, *ਦ ਮੈਕਮਿਲਨ ਬਾਈਬਲ ਐਟਲਸ*, ਜਿਲਦ 3 (ਨਿਊ ਯਾਰਕ: ਮੈਕਮਿਲਨ

ਪਬਲੀਸ਼ਿੰਗ ਕੰ., 1993), 17 (ਨਕਸ਼ਾ 10)। [7]ਉੱਥੇ ਹੀ। [8]ਕਿਡਨਰ, 87. [9]ਐੱਫ਼. ਚਾਰਲੇਸ ਫੈਂਸ਼ਮ, *ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1982), 174. [10]ਅਜ਼ਰਾ 10:3 ਵਿਚ ਅਜ਼ਰਾ ਨੂੰ ''ਆਪਣੇ ਪ੍ਰਭੂ'' ਆਖਿਆ ਗਿਆ ਹੈ।

[11]ਉੱਥੇ ਹੀ। [12]ਡੀ. ਜੇ. ਏ. ਕਲਾਈਨਜ਼, *ਅਜ਼ਰਾ, ਨਹਮਯਾਹ, ਅਸਤਰ*, ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1984), 153. [13]ਇਨ੍ਹਾਂ ਸਥਾਨਾਂ ਲਈ, ਵਿਲੀਅਮਸਨ, 203 ਵਿਚ ਨਕਸ਼ਾ ਵੇਖੋ। [14]ਕਿਡਨਰ, 88. [15]ਆਇਤ 18 ਵਿਚ NRSV ਦੇ ਅਨੁਵਾਦ ਵਿਚ ''ਉਨ੍ਹਾਂ ਦੇ ਰਿਸ਼ਤੇਦਾਰ'' ਅਤੇ NIV ਵਿਚ ''ਉਸਦੇ ਦੇਸ਼ ਵਾਸੀ'' ਹੈ। [16]ਵੇਖੋ ਫ਼ੈਂਸ਼ਮ, 177. [17]ਈਲਾਟ ਮਜ਼ਾਰ, ''ਦ ਵਾਲ ਦੈਟ ਨਹਮਾਯਾਹ ਬਿਲਟ,'' *ਬਿਬਲੀਕਲ ਆਰਕਉਲੋਜੀ ਰੀਵਿਊ* 35, ਨੰ. 2 (ਮਾਰਚ–ਅਪ੍ਰੈਲ 2009): 24–33, 66. [18]ਕਿਡਨਰ, 89. [19]ਇਹ ਹਵਾਲੇ ਕੰਧ ਅਤੇ ਬਾਦਸ਼ਾਹ ਦੇ ਮਹਿਲ ਵਿਚ ਘੋੜ ਫਾਟਕ ਵਿਚਲੇ ਅੰਦਰੂਨੀ ਪ੍ਰਵੇਸ਼ ਲਈ ਹੋ ਸਕਦੇ ਹਨ। [20]ਵਿਲੀਅਮਸਨ, 210.

[21]ਯਾਮੋਚੀ, 692. [22]ਨਹਮਯਾਹ (ਹਾਕਮ) ਭਾਵੇਂ ਅਧਿਆਇ 3 ਵਿਚ ਨਹੀਂ ਮਿਲਦਾ, ਪਰ ਇਹ ਸਾਫ਼ ਹੈ ਕਿ ਉਹ ਪ੍ਰੋਜੈਕਟ ਦਾ ਪ੍ਰਬੰਧਕ ਸੀ। ਕੰਧ ਦੇ ਕਿਸੇ ਖ਼ਾਸ ਹਿੱਸੇ ਨੂੰ ਬਣਾਉਣ ਦੀ ਜ਼ਿੰਮੇਵਾਰੀ ਉਸ ਦੀ ਨਹੀਂ ਸੀ; ਭਾਵੇਂ ਇਹ ਵੇਖਣਾ ਉਸਦਾ ਕੰਮ ਸੀ ਕਿ ਕੰਮ ਪੂਰਾ ਹੋ ਗਿਆ ਹੈ।